## ਅਧਿਆਇ 17

# ਉਜਾੜ ਵਿਚ ਹੋਰ ਵਧੇਰੇ ਮੁਸ਼ਕਲਾਂ

ਸੀਨਈ ਪਹਾੜ ਵੱਲ ਕੂਚ ਕਰਦੇ ਸਮੇਂ ਵੀ ਦੋ ਹੋਰ ਮੁਸ਼ਕਲਾਂ ਨੇ ਇਸਰਾਏਲੀਆਂ ਦਾ ਸਾਹਮਣਾ ਕੀਤਾ। ਅਧਿਆਇ 17 ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਪਾਣੀ ਤੋਂ ਵਾਂਝਿਆਂ ਪਾਇਆ ਅਤੇ ਅਮਾਲੇਕੀਆਂ ਦੇ ਦੁਆਰਾ ਉਸ ਤੇ ਹਮਲਾ ਕੀਤਾ ਗਿਆ।

ਇਸਰਾਏਲੀਆਂ ਨੇ ਆਪਣੀ ਯਾਤਰਾ ਨੂੰ ਨਿਰੰਤਰ ਜਾਰੀ ਰੱਖਿਆ ਜਦੋਂ ਤੱਕ ਉਹ ਰਫ਼ੀਦੀਮ ਤੱਕ ਨਾ ਪਹੁੰਚੇ। ਉੱਥੇ ਉਨ੍ਹਾਂ ਨੂੰ ਪਾਣੀ ਨਹੀਂ ਮਿਲਿਆ। ਉਨ੍ਹਾਂ ਨੇ ਪਹਿਲਾਂ ਵਾਂਗ, ਮੂਸਾ ਤੇ ਦੋਸ਼ ਲਾਉਂਦੇ ਹੋਏ ਸ਼ਿਕਾਇਤ ਕੀਤੀ, ਕਿ ਉਹ ਉਨ੍ਹਾਂ ਨੂੰ ਪਿਆਸ ਨਾਲ ਮਾਰਨ ਦੇ ਲਈ ਉਜਾੜ ਵਿਚ ਲਿਆਇਆ ਹੈ (17:1-3)। ਬਦਲੇ ਵਿਚ, ਮੂਸਾ ਨੇ, ਪ੍ਰਭੂ ਦੇ ਸਾਹਮਣੇ ਉੱਚੀ ਦਿੱਤੀ ਪੁਕਾਰ ਕੇ ਆਖਿਆ, ਕਿ ਉਹ ਕੀ ਕਰੇ ਅਤੇ ਉਸ ਨੇ ਕਿਹਾ ਕਿ ਲਗਭਗ ਲੋਕ ਤਿਆਰ ਹਨ ਕਿ ਉਸ ਨੂੰ ਪੱਥਰ ਮਾਰਨ (17:4)। ਪਰਮੇਸ਼ੁਰ ਨੇ ਉਸ ਨੂੰ ਹਿਦਾਇਤ ਦਿੱਤੀ ਕਿ ਲੋਕਾਂ ਦ ਅੱਗੋਂ ਲੰਘ ਅਤੇ, ਅਤੇ ਉਸੇ ਢਾਂਗੇ ਨੂੰ ਇਸਤੇਮਾਲ ਕਰਦੇ ਹੋਏ ਜੋ ਉਸ ਨੇ ਮਿਸਰ ਵਿਚ ਇਸਤੇਮਾਲ ਕੀਤੀ ਸੀ, ਹੋਰੇਬ ਦੀ ਚਟਾਨ ਤੇ ਮਾਰ ਤਾਂ ਕਿ ਉਸ ਵਿਚੋਂ ਪਾਣੀ "ਨਿੱਕਲੇਗਾ" (17:5, 6)। ਮੂਸਾ ਨੇ ਪਰਮੇਸ਼ੁਰ ਦੇ ਹੁਕਮਾਂ ਦਾ ਪਾਲਣ ਕੀਤਾ ਤਾਂ ਚਟਾਨ ਵਿਚੋਂ ਪਾਣੀ ਨਿਲਕ ਆਇਆ। ਮੂਸਾ ਨੇ ਲੋਕਾਂ ਦੇ ਝਗੜਾਲੂ ਰਵੱਈਏ ਨੂੰ ਦਰਸਾਉਣ ਦੇ ਲਈ ਉਸ ਸਥਾਨ ਦਾ ਨਾਮ ਮੱਸਾਹ ਅਤੇ ਮਰੀਬਾਹ ਰੱਖਿਆ (17:7)।

ਦੂਸਰਾ ਸੰਕਟ ਉਦੋਂ ਹੋਇਆ ਜਦੋਂ ਰਫ਼ੀਦੀਮ ਵਿਚ ਅਮਾਲੇਕੀਆਂ ਨੇ ਇਸਰਾਏਲੀਆਂ ਦੇ ਵਿਰੁੱਧ ਲੜਾਈ ਕੀਤੀ (17:8)। ਮੂਸਾ ਨੇ ਯਹੋਸ਼ੁਆ ਨੂੰ ਇਸਰਾਏਲ ਦੀਆਂ ਫ਼ੌਜਾਂ ਦਾ ਇੰਚਾਰਜ ਬਣਾਇਆ। ਫਿਰ, ਹਾਰੂਨ ਅਤੇ ਹੂਰ ਦੇ ਨਾਲ, ਲੜਾਈ ਦੇ ਮੈਦਾਨ ਵੱਲ ਟਿੱਲੇ ਦੀ ਟੀਸੀ ਤੇ ਚੜ੍ਹਿਆ (17:9, 10)। ਜਦੋਂ ਉਹ ਆਪਣੇ ਹੱਥ ਚੁੱਕਦਾ ਸੀ, ਤਾਂ ਇਸਰਾਏਲ ਜਿੱਤਦਾ ਸੀ; ਜਦੋਂ ਉਹ ਥੱਕ ਕੇ ਹੱਥਾਂ ਨੂੰ ਨੀਵਾਂ ਕਰਦਾ ਸੀ, ਤਾਂ ਅਮਾਲੇਕ ਜਿੱਤਦਾ ਸੀ (17:11, 12)। ਇਸ ਲਈ ਹਾਰੂਨ ਅਤੇ ਹੂਰ ਨੇ ਉਸ ਨੂੰ ਇਕ ਪੱਥਰ ਦਿੱਤਾ ਤਾਂ ਕਿ ਉਹ ਉਸ ਦੇ ਉੱਤੇ ਬੈਠ ਸਕੇ ਅਤੇ ਉਸ ਦੇ ਹੱਥਾਂ ਨੂੰ ਉੱਪਰ ਸਾਂਭ ਛੱਡਿਆ (17:12), ਅਤੇ ਇਸਰਾਏਲ ਨੇ ਲੜਾਈ ਜਿੱਤ ਲਈ (17:13)।

ਪਰਮੇਸ਼ੁਰ ਨੇ ਇਹ ਫ਼ੈਸਲਾ ਲੈ ਲਿਆ ਕਿ ਇਸਰਾਏਲ ਨਿਰੰਤਰ ਅਮਾਲੇਕ ਦੇ ਨਾਲ ਲੜਾਈ ਕਰਦਾ ਰਹੇ ਅਤੇ ਮੂਸਾ ਨੂੰ ਹਿਦਾਇਤ ਦਿੱਤੀ ਕਿ ਇਸ ਤੱਥ ਨੂੰ ਇੱਕ ਪੁਸਤਕ ਵਿਚ ਲਿਖ ਲੈ; ਇਸਰਾਏਲ ਨੂੰ ਕਿਹਾ ਗਿਆ ਕਿ ਪਰਮੇਸ਼ੁਰ ਅਮਾਲੇਕ ਦਾ ਚੇਤਾ ਅਕਾਸ਼ ਦੇ ਹੇਠੋਂ ਮਿਟਾ ਦੇਵੇਗਾ (17:14)। ਮੂਸਾ ਨੇ ਇਸਰਾਏਲ ਦੀ ਜਿੱਤ ਦੀ ਯਾਦ ਵਿਚ ਇਕ ਜਗਵੇਦੀ ਬਣਾਈ (17:15, 16)।

## ਰਫ਼ੀਦੀਮ ਵਿਚ, ਚੱਟਾਨ ਤੋਂ ਪਾਣੀ ਦਾ ਨਿਕਲਣਾ (17:1-7)

**[1]ਇਸਰਾਏਲੀਆਂ ਦੀ ਸਾਰੀ ਮੰਡਲੀ ਨੇ ਸੀਨ ਦੀ ਉਜਾੜ ਵਿੱਚੋਂ ਯਹੋਵਾਹ ਦੇ ਆਖਣ ਅਨੁਸਾਰ ਆਪਣੇ ਸਫ਼ਰਾਂ ਲਈ ਕੂਚ ਕੀਤਾ ਅਰ ਉਨ੍ਹਾਂ ਨੇ ਰਫ਼ੀਦੀਮ ਵਿੱਚ ਡੇਰੇ ਲਾਏ ਪਰ ਪਰਜਾ ਦੇ ਪੀਣ ਲਈ ਪਾਣੀ ਨਹੀਂ ਸੀ। [2]ਤਾਂ ਪਰਜਾ ਮੂਸਾ ਨੂੰ ਘੁਰਕਣ ਲੱਗੀ ਅਰ ਆਖਿਆ, ਸਾਨੂੰ ਪੀਣ ਨੂੰ ਪਾਣੀ**

**ਦੇਹ। ਮੂਸਾ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਮੈਨੂੰ ਕਿਉਂ ਘੂਰਕਦੇ ਹੋ ਅਤੇ ਯਹੋਵਾਹ ਨੂੰ ਕਿਉਂ ਪਰਤਾਉਂਦੇ
ਹੋ? 3ਉੱਥੇ ਪਰਜਾ ਪਾਣੀ ਦੀ ਤਿਹਾਈ ਸੀ ਅਤੇ ਮੂਸਾ ਨਾਲ ਏਹ ਆਖ ਕੇ ਕੁੜ੍ਹਦੀ ਸੀ ਭਈ ਏਹ
ਕੀ ਹੈ ਜੋ ਤੂੰ ਸਾਨੂੰ ਮਿਸਰ ਤੋਂ ਲਿਆਇਆ ਹੈਂ ਕਿ ਸਾਨੂੰ ਅਰ ਸਾਡੇ ਪੁੱਤ੍ਰਾਂ ਅਰ ਸਾਡੇ ਵੱਗਾਂ ਨੂੰ ਏਥੇ
ਤਿਹਾਇਆ ਮਾਰੇਂ? 4ਤਾਂ ਮੂਸਾ ਨੇ ਯਹੋਵਾਹ ਨੂੰ ਉੱਚੀ ਦਿੱਤੀ ਪੁਕਾਰ ਕੇ ਆਖਿਆ, ਮੈਂ ਇਨ੍ਹਾਂ ਲੋਕਾਂ
ਨਾਲ ਕੀ ਕਰਾਂ? ਏਹ ਤਾਂ ਮੈਨੂੰ ਥੋੜੇ ਚਿਰਾਂ ਤੀਕ ਵੱਟੇ ਮਾਰਨਗੇ। 5ਫੇਰ ਯਹੋਵਾਹ ਨੇ ਮੂਸਾ ਨੂੰ
ਆਖਿਆ, ਪਰਜਾ ਦੇ ਅੱਗੋਂ ਦੀ ਲੰਘ ਅਰ ਆਪਣੇ ਸੰਗ ਇਸਰਾਏਲ ਦੇ ਬਜ਼ੁਰਗਾਂ ਵਿੱਚੋਂ ਲੈ ਤੇ
ਆਪਣੇ ਢਾਂਗੇ ਨੂੰ ਜਿਹੜਾ ਤੈਂ ਦਰਿਆ ਉੱਤੇ ਮਾਰਿਆ ਸੀ ਆਪਣੇ ਹੱਥ ਵਿੱਚ ਲੈ ਅਰ ਚੱਲ ਦੇਹ।
6ਵੇਖ ਮੈਂ ਤੇਰੇ ਅੱਗੇ ਹੋਰੇਬ ਦੀ ਚਟਾਨ ਉੱਤੇ ਖੜਾ ਹੋਵਾਂਗਾ ਅਰ ਤੂੰ ਚਟਾਨ ਨੂੰ ਮਾਰੀਂ ਤਾਂ ਉਸ
ਵਿੱਚੋਂ ਪਾਣੀ ਨਿੱਕਲੇਗਾ ਤਾਂ ਜੋ ਪਰਜਾ ਪੀਵੇ। ਤਾਂ ਮੂਸਾ ਨੇ ਇਸਰਾਏਲ ਦੇ ਬਜ਼ੁਰਗਾਂ ਦੇ ਸਨਮੁਖ
ਤਿਵੇਂ ਹੀ ਕੀਤਾ। 7ਅਰ ਉਸ ਨੇ ਉਸ ਥਾਂ ਦਾ ਨਾਉਂ ਮੱਸਾਹ ਅਰ ਮਰੀਬਾਹ ਇਸਰਾਏਲ ਦੇ ਘੂਰਕਣ
ਦੇ ਕਾਰਨ ਅਰ ਯਹੋਵਾਹ ਦੇ ਪਰਤਾਵੇ ਦੇ ਕਾਰਨ ਏਹ ਆਖਦੇ ਹੋਏ ਰੱਖਿਆ ਭਈ ਯਹੋਵਾਹ ਸਾਡੇ
ਵਿਚਕਾਰ ਹੈ ਕਿ ਨਹੀਂ?**

**ਆਇਤ 1.** ਮਿਸਰ ਤੋਂ ਸੀਨਈ ਤਕ ਦੀ ਯਾਤਰਾ **ਸਫ਼ਰਾਂ** ਵਿਚ ਪੂਰੀ ਹੋਈ, ਜਦੋਂ ਇਸਰਾਏਲੀਆਂ ਨੇ ਵੱਖ-ਵੱਖ ਸਥਾਨਾਂ ਤੇ ਡੇਰੇ ਲਾਏ। **ਸੀਨ ਦੀ ਉਜਾੜ** ਵਿਚੋਂ ਨਿਕਲਣ ਤੋਂ ਬਾਅਦ, ਜਿੱਥੇ ਪਰਮੇਸ਼ੁਰ ਨੇ ਉਨ੍ਹਾਂ ਦੀ ਭੋਜਨ ਦੀ ਲੋੜ ਨੂੰ ਪੂਰਾ ਕੀਤਾ ਸੀ, ਇਸਰਾਏਲੀ **ਰਫ਼ੀਦੀਮ** ਵੱਲ ਚਲੇ ਗਏ। ਜ਼ਾਹਿਰ ਤੌਰ ਤੇ, ਰਫ਼ੀਦੀਮ ਸੀਨਈ ਪਹਾੜ ਤੋਂ ਦੂਰ ਨਹੀਂ ਸੀ, ਕਿਉਂਕਿ ਇਹ “ਹੋਰੇਬ” ਦੇ ਨੇੜੇ ਸੀ (17:6)। ਹੋਰੇਬ ਅਤੇ ਸੀਨਈ ਨੂੰ ਪਾਰਸਪਰਿਕ ਤੌਰ ਤੇ ਉਸ ਪਹਾੜ ਦਾ ਉਲੇਖ ਕਰਨ ਦੇ ਲਈ ਵਰਤਿਆ ਜਾਂਦਾ ਹੈ ਜਿੱਥੇ ਇਸਰਾਏਲ ਨੇ ਸ਼ਰਾ ਨੂੰ ਪ੍ਰਾਪਤ ਕੀਤਾ ਸੀ। ਟਿੱਪਣੀਕਾਰ ਰਫ਼ੀਦੀਮ ਦੇ ਸਥਾਨ ਨਾਲ ਸਹਿਮਤ ਨਹੀਂ ਹਨ।[1]

ਰਫ਼ੀਦੀਮ ਵਿਚ ਇਸਰਾਏਲੀਆਂ ਲਈ **ਪਾਣੀ ਨਹੀਂ ਸੀ।** ਇਸ ਸਥਾਨ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੋਵੇਗਾ ਕਿਉਂਕਿ ਇਹ ਵੇਖਣ ਵਿਚ ਇਕ ਨਖਾਲਿਸਤਾਨ ਦੇ ਵਾਂਗ ਸੀ, ਪਰ ਜਦੋਂ ਉਹ ਉੱਥੇ ਪਹੁੰਚੇ ਤਾਂ ਉਨ੍ਹਾਂ ਨੇ ਪਾਇਆ ਕਿ ਸਾਰੇ ਖੂਹ ਸੁੱਕੇ ਸਨ।

**ਆਇਤਾਂ 2, 3.** ਜੇਕਰ ਰਫ਼ੀਦੀਮ ਨੇ ਉਹ ਮੁਹੱਈਆ ਨਹੀਂ ਕੀਤਾ ਜਿਸ ਦਾ ਉਸ ਨੇ ਵਾਇਦਾ ਕੀਤਾ ਜਾਪਦਾ ਸੀ, ਤਾਂ ਇਸਰਾਏਲੀਆਂ ਦੀ ਨਿਰਾਸ਼ਾ, ਕ੍ਰੋਧ, ਅਤੇ ਡਰ ਹੋਰ ਵਧੇਰੇ ਸਮਝ ਵਿਚ ਆਉਂਦਾ ਹੈ, ਭਾਵੇਂ ਤਾਂ ਵੀ ਉਹ ਮਾਫ਼ੀ ਦੇ ਯੋਗ ਨਹੀਂ ਸੀ। ਉਨ੍ਹਾਂ ਨੇ ਇਸ ਸੰਕਟ ਵਿਚ ਵੀ ਉਸੇ ਤਰੀਕੇ ਦਾ ਜਵਾਬ ਦਿੱਤਾ ਜਿਵੇਂ ਉਨ੍ਹਾਂ ਨੇ ਬਾਕੀਆਂ ਨਾਲ ਕੀਤਾ ਸੀ। ਮਿਸਰ ਵਿਚ ਆਪਣੇ ਘਰਾਂ ਨੂੰ ਛੱਡਣ ਤੋਂ ਬਾਅਦ ਚੌਥੀ ਵਾਰ, ਇਸਰਾਏਲੀ ਪਰਜਾ **ਮੂਸਾ ਨੂੰ ਘੂਰਕਣ ਲੱਗੀ।**[2]

ਮੂਸਾ ਨੇ ਪਹਿਲਾਂ ਲੋਕਾਂ ਦੇ ਨਾਲ ਤਰਕ ਕਰਨ ਦੀ ਕੋਸ਼ਿਸ਼ ਕੀਤੀ, ਅਸਲ ਵਿਚ, ਉਨ੍ਹਾਂ ਦਾ ਵਿਹਾਰ ਬਦਲਣ ਲਈ ਉਨ੍ਹਾਂ ਅੱਗੇ ਬੇਨਤੀ ਕਰਨ ਦੀ ਕੋਸ਼ਿਸ਼। ਉਹ ਸਿਰਫ ਮੂਸਾ ਦਾ ਵਿਰੋਧ ਨਹੀਂ ਕਰ ਰਹੇ ਸਨ, ਸਗੋਂ **ਯਹੋਵਾਹ ਨੂੰ** ਵੀ **ਪਰਤਾ** [ਰਹੇ] ਸਨ - ਜੋ ਇਕ ਖਤਰਨਾਕ ਕੰਮ ਹੈ।

ਲੋਕਾਂ ਨੂੰ ਰੋਕਿਆ ਨਹੀਂ ਜਾ ਸਕਦਾ ਸੀ। ਉਸ ਤੇ ਦੁਬਾਰਾ ਉਹੀ ਦੋਸ਼ ਲਾਉਂਦੇ ਹੋਏ - ਜਿਵੇਂ ਉਨ੍ਹਾਂ ਨੇ ਪਹਿਲਾਂ (16:3) - ਲਾਏ ਸਨ ਉਹ **ਮੂਸਾ ਨਾਲ ... ਕੁੜ੍ਹ** ਦੇ ਸਨ ਕਿ ਉਹ ਉਨ੍ਹਾਂ ਨੂੰ **ਮਿਸਰ ਤੋਂ** ਕੱਢ ਲਿਆਇਆ ਹੈ ਤਾਂ ਕਿ ਉਨ੍ਹਾਂ ਨੂੰ **ਮਾਰੇਂ** (ਮਾਰੇ)।

**ਆਇਤ 4. ਮੂਸਾ**, ਜੋ ਪਹਿਲਾਂ ਦੀਆਂ ਸ਼ਿਕਾਇਤਾਂ ਦੀ ਬਜਾਇ ਇਸ ਨਵੇਂ ਵਿਰੋਧ ਦੇ ਬਾਰੇ ਜ਼ਿਆਦਾ ਚਿੰਤਾ ਕਰ ਰਿਹਾ ਸੀ, ਉਸ ਨੇ ਇਸ ਮਾਮਲੇ ਨੂੰ ਪਰਮੇਸ਼ੁਰ ਦੇ ਸਾਹਮਣੇ ਲਿਆਂਦਾ। ਉਸ ਨੇ **ਯਹੋਵਾਹ ਨੂੰ ਉੱਚੀ ਦਿੱਤੀ ਪੁਕਾਰ ਕੇ ਪੁੱਛਿ**ਆ, ਕਿ ਉਹ ਉਨ੍ਹਾਂ ਨਾਲ **ਕੀ** ਕਰੇ। ਮੂਸਾ ਨੇ ਸੋਚਿਆ ਕਿ **ਏਹ** (ਲੋਕ) ਇੰਨੇ ਪਰੇਸ਼ਾਨ ਸਨ ਕਿ ਉਹ ਉਸ ਨੂੰ **ਵੱਟੇ** ਮਾਰਨ ਵਾਲੇ ਸਨ।

**ਆਇਤ 5. ਯਹੋਵਾਹ ਨੇ** ਇਹ ਦਿਖਾਉਣ ਦੀ ਯੋਜਨਾ ਦੇ ਨਾਲ ਉੱਤਰ ਦਿੱਤਾ ਕਿ ਉਹ ਉਹੀ ਸੀ ਜਿਸ ਨੇ ਉਨ੍ਹਾਂ ਨੂੰ ਪੀਣ ਲਈ ਪਾਣੀ ਦਿੱਤਾ ਸੀ। ਇਸ ਮੌਕੇ ਬਾਰੇ ਹਰ ਚੀਜ਼ ਉਸ ਸੰਦੇਸ਼ ਨੂੰ ਸਪੱਸ਼ਟ ਕਰਨ ਦੇ ਲਈ ਤਿਆਰ ਕੀਤੀ ਗਈ ਸੀ। **ਮੂਸਾ** ਨੇ **ਆਪਣੇ ਸੰਗ ਇਸਰਾਏਲ ਦੇ ਬਜ਼ੁਰਗਾਂ ਵਿੱਚੋਂ ਲੈ** ਕੇ **ਪਰਜਾ ਦੇ ਅੱਗੋਂ ਦੀ ਲੰਘ** (ਲੰਘਣਾ) ਸੀ। ਹੋਰਨਾਂ ਸ਼ਬਦਾਂ ਵਿਚ, ਪਾਣੀ ਕੱਢਣਾ ਇੱਕ ਜਨਤਕ ਸ਼ਾਨਦਾਰ ਮੌਕਾ ਹੋਣਾ ਸੀ; ਕਿਸੇ ਨੇ ਵੀ ਉਸ ਦੇ ਮਹੱਤਵ ਨੂੰ ਭੁੱਲ ਨਹੀਂ ਸਕਣਾ ਸੀ। ਇਹ ਚਮਤਕਾਰ ਗੁਪਤ ਵਿਚ ਨਹੀਂ ਕੀਤਾ ਜਾਣਾ ਸੀ; ਜੋ ਹੋਇਆ ਸੀ ਉਸ ਦੀ ਰਿਪੋਰਟ ਕਰਨ ਦੇ ਲਈ ਭਰੋਸੇਯੋਗ ਚਸ਼ਮਦੀਦ ਗਵਾਹ (ਬਜ਼ੁਰਗ) ਹੋਣੇ ਚਾਹੀਦੇ ਸਨ।

ਇਸ ਸਮਾਰੋਹ ਦੇ ਲਈ, ਮੂਸਾ ਨੇ ਉਸ **ਢਾਂਗੇ ਨੂੰ** [ਆਪਣੇ] **ਹੱਥ** ਵਿਚ **ਲੈ** (ਲੈਣਾ) ਸੀ ਜੋ ਉਸ ਨੇ ਚਮਤਕਾਰ ਕਰਨ ਦੇ ਲਈ ਇਸਤੇਮਾਲ ਕੀਤਾ ਸੀ। ਇਸ ਢਾਂਗੇ ਨਾਲ **ਦਰਿਆ ਉੱਤੇ** ਮਾਰਨ ਦੇ ਦੁਆਰਾ, ਉਸ ਨੇ ਪਾਣੀ ਨੂੰ ਲਹੂ ਵਿਚ ਬਦਲਣ ਦੀ, ਪਹਿਲੀ ਬਵਾ ਨੂੰ ਸ਼ੁਰੂ ਕੀਤਾ (7:17, 20)। ਢਾਂਗਾ ਉਹ ਸਾਧਨ ਸੀ ਜਿਸ ਦੇ ਦੁਆਰਾ ਪਰਮੇਸ਼ੁਰ ਨੇ ਸ਼ਕਤੀਸ਼ਾਲੀ ਕੰਮ ਕੀਤੇ ਸਨ, ਅਤੇ ਜਿਨ੍ਹਾਂ ਲੋਕਾਂ ਨੇ ਮੂਸਾ ਦੇ ਕੋਲ ਇਸ ਨੂੰ ਵੇਖਿਆ ਉਹ ਪਰਮੇਸ਼ੁਰ ਤੋਂ ਹੋਰ ਵੀ ਚਮਤਕਾਰਾਂ ਦੀ ਉਮੀਦ ਕਰ ਸਕਦੇ ਸਨ।

**ਆਇਤ 6.** ਯਹੋਵਾਹ ਨੇ ਮੂਸਾ ਨੂੰ ਇਹ ਵੀ ਕਿਹਾ ਕਿ ਉਹ [ਉਸ ਦੇ] **ਅੱਗੇ ਹੋਰੇਬ ਦੀ ਚਟਾਨ ਉੱਤੇ ਖੜਾ ਹੋਵਾਂਗਾ** [ਹੋਵੇਗਾ]। ਕੁੱਝ ਅਰਥ ਵਿਚ, ਜਦੋਂ ਚਟਾਨ ਤਿੜਕੀ ਤਾਂ ਪ੍ਰਭੂ ਆਪ ਉੱਥੇ ਸੀ। ਹੋ ਸਕਦਾ ਹੈ ਕਿ ਦਿਨ ਦੇ ਸਮੇਂ ਡੇਰੇ ਤੇ ਮੰਡਲਾਉਣ ਵਾਲਾ ਉਸ ਦੀ ਹਜ਼ੂਰੀ ਦਾ ਬੱਦਲ ਇਸ ਮੌਕੇ ਤੇ ਚਟਾਨ ਦੇ ਉੱਤੇ ਚਲੇ ਗਏ ਸਨ।[3] ਪਰ ਪਰਮੇਸ਼ੁਰ ਨੇ ਆਪਣੀ ਹਜ਼ੂਰੀ ਤੋਂ ਜਾਣੂ ਕਰਵਾਇਆ ਸੀ, ਲੋਕ ਇਸ ਗੱਲ ਨੂੰ ਜਾਣਦੇ ਸਨ ਕਿ ਯਹੋਵਾਹ ਉੱਥੇ ਸੀ; ਮੂਸਾ ਆਪਣੇ ਆਪ ਪਾਣੀ ਨਹੀਂ ਕੱਢ ਕਰ ਰਿਹਾ ਸੀ।

ਇਸ ਬਿੰਦੂ ਤੇ "ਹੋਰੇਬ" ਦਾ ਜ਼ਿਕਰ ਸਮੱਸਿਆ ਪੈਦਾ ਕਰਨ ਵਾਲਾ ਹੈ ਕਿਉਂਕਿ 19:2 ਸੰਕੇਤ ਦਿੰਦੀ ਹੈ ਸੀਨਈ ਪਹਾੜ ਦੀ ਯਾਤਰਾ ਕਰਨ ਦੇ ਲਈ ਇਸਰਾਏਲੀਆਂ ਨੂੰ ਰਫ਼ੀਦੀਮ ਨੂੰ ਛੱਡਣਾ ਪਿਆ ਸੀ। ਸ਼ਾਇਦ, ਦੋਵਾਂ ਖਾਤਿਆਂ ਨੂੰ ਸਮੇਟਣ ਦਾ ਸਭ ਤੋਂ ਵਧੀਆ ਤਰੀਕਾ ਇਸ ਗੱਲ ਨੂੰ ਮੰਨ ਲੈਣਾ ਹੈ ਕਿ ਹੋਰੇਬ ਪਹਾੜਾਂ ਦੀ ਇਕ ਲੜੀ ਨੂੰ ਦਰਸਾਉਂਦਾ ਹੈ। ਹੋ ਸਕਦਾ ਹੈ ਕਿ ਇਸਰਾਏਲੀ ਉੱਥੇ ਪਹੁੰਚੇ ਹੋਏ ਹੋਣ ਪਰ ਫਿਰ ਵੀ ਉਸ ਵਿਸ਼ੇਸ਼ ਸਥਾਨ ਦੇ ਜਾਣ ਦੇ ਲਈ ਕੁੱਝ ਦੂਰੀ ਨੂੰ ਤੈਅ ਕਰਨਾ ਪੈਣਾ ਸੀ ਜਿੱਥੇ ਉਨ੍ਹਾਂ ਨੂੰ ਸ਼ਰਾ ਪ੍ਰਾਪਤ ਹੋਵੇਗੀ।

ਯਹੋਵਾਹ ਨੇ ਮੂਸਾ ਨਾਲ **ਪਰਜਾ** ਦੇ **ਪੀਵੇ** (ਪੀਣ) ਲਈ **ਪਾਣੀ** ਨਿੱਕਲਣ ਦਾ ਵਾਇਦਾ ਕਰਦੇ ਹੋਏ, ਉਸ ਨੂੰ **ਚਟਾਨ ਨੂੰ ਮਾਰੀਂ** [ਮਾਰਨ] ਦਾ ਨਿਰਦੇਸ਼ ਦਿੱਤਾ। ਲਿਖਤ ਪਾਣੀ ਦੇ ਲਈ ਖੋਦਣ ਜਾਂ ਇਕ ਛੁਪੇ ਹੋਏ ਚਸ਼ਮੇ ਨੂੰ ਲੱਭਣ ਦੇ ਵਿਸ਼ੇ ਵਿਚ ਕੁੱਝ ਵੀ ਨਹੀਂ ਕਹਿੰਦਾ ਹੈ। ਜਿਸ ਤਰੀਕੇ ਦੇ ਨਾਲ ਪਾਣੀ ਨੂੰ ਪੈਦਾ ਕੀਤਾ ਗਿਆ ਸੀ, ਉਸ ਨਾਲ ਇਸਰਾਏਲੀਆਂ ਤੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਪਰਮੇਸ਼ੁਰ ਖੁਦ ਉਨ੍ਹਾਂ ਦੀ ਪਿਆਸ ਨੂੰ ਬੁਝਾ ਰਿਹਾ ਸੀ। ਬਾਅਦ ਵਿਚ, ਉਹ ਜਾਣ ਲੈਣਗੇ ਕਿ ਉਨ੍ਹਾਂ ਨੂੰ ਕਿਸੇ ਜਾਦੂਗਰ ਦੀ ਚਾਲ ਦੇ ਦੁਆਰਾ ਮੂਰਖ ਨਹੀਂ ਬਣਾਇਆ ਗਿਆ ਸੀ; ਸਗੋਂ ਉਨ੍ਹਾਂ ਨੇ ਪਰਮੇਸ਼ੁਰ ਦੇ ਇਕ ਹੋਰ ਸ਼ਕਤੀਸ਼ਾਲੀ ਕੰਮ ਨੂੰ ਵੇਖਿਆ ਸੀ। ਵਿਲਬਰ ਫੀਲਡਸ ਨੇ ਸੁਝਾਅ ਦਿੱਤਾ ਕਿ ਸ਼ਾਇਦ ਚਟਾਨ ਕੁੱਝ ਦੂਰੀ ਤੇ ਹੋਵੇਗੀ, ਸ਼ਾਇਦ ਡੇਰੇ ਤੋਂ ਵੀ ਮੀਲਾਂ ਦੂਰ। ਉਸ ਨੇ ਹਵਾਲਾ ਦਿੱਤਾ ਜ਼ਬੂਰਾਂ ਦੀ ਪੋਥੀ 78:15, 16: "... ਉਨ੍ਹਾਂ ਨੂੰ ਜਾਣੀਦਾ ਡੁੰਘਿਆਈਆਂ ਵਿੱਚੋਂ ਬਹੁਤ ਪਾਣੀ ਪਿਲਾਇਆ, ਉਸ ਨੇ ਢਿੱਗ ਵਿੱਚੋਂ ਧਾਰਾਂ ਕੱਢੀਆਂ, ਅਤੇ ਪਾਣੀ ਦਰਿਆਵਾਂ ਵਾਂਙੁ ਵਗਾਇਆ।"[4] ਪੌਲੁਸ ਨੇ 1 ਕੁਰਿੰਥੀਆਂ 10:4 ਵਿਚ ਇਸ ਦਾ ਘਟਨਾ ਦਾ ਉਲੇਖ ਕੀਤਾ, ਜਿੱਥੇ ਉਸ ਨੇ ਕਿਹਾ ਕਿ ਮਸੀਹ ਉਹ ਪੱਥਰ ਸੀ ਜਿਸ ਤੋਂ ਪਾਣੀ ਨਿਕਲਿਆ।

ਕਹਾਣੀ ਇਨ੍ਹਾਂ ਉਤਸਾਹਦਾਇਕ ਸ਼ਬਦਾਂ ਦੇ ਨਾਲ ਖਤਮ ਹੁੰਦੀ ਹੈ: **ਤਾਂ ਮੂਸਾ ਨੇ ... ਤਿਵੇਂ ਹੀ ਕੀਤਾ।** ਇਸਰਾਏਲੀਆਂ ਵਿਚੋਂ ਘੱਟੋ ਘੱਟ ਇਕ ਜਣਾ ਪ੍ਰਭੂ ਦਾ ਆਗਿਆਕਾਰੀ ਸੀ। ਮੂਸਾ ਨੇ ਚਟਾਨ ਨੂੰ ਮਾਰਿਆ, ਪਾਣੀ ਨਿਕਲ ਆਇਆ, ਲੋਕਾਂ ਨੇ ਪੀਤਾ, ਅਤੇ **ਬਜ਼ੁਰਗਾਂ** (ਬਜ਼ੁਰਗ) ਜੋ ਕੁੱਝ ਹੋਇਆ ਸੀ ਉਸ ਸਭ ਦੇ ਚਸ਼ਮਦੀਦ ਗਵਾਹ ਸਨ।

**ਆਇਤ 7.** ਲਿਖਤ ਵਿਚ ਇੱਕ ਅਨੁਲੇਖ ਸ਼ਾਮਲ ਹੈ: ਇਸਰਾਏਲ ਦੇ ਤਜ਼ਰਬੇ ਦੇ ਕਾਰਣ ਮੂਸਾ ਨੇ ਉਸ ਥਾਂ ਦਾ **ਨਾਉਂ ਮੱਸਾਹ** (ਜਿਸ ਦਾ ਅਰਥ "ਪਰਖ" ਹੈ) ਅਤੇ **ਮਰੀਬਾਹ** (ਜਿਸ ਦਾ ਅਰਥ "ਝਗੜਾ" ਹੈ) ਰੱਖਿਆ। ਇਸ ਸਥਾਨ ਤੇ **ਇਸਰਾਏਲ ਘੁਰਕਣ** [ਘੁਰਕਿਆ] ਸੀ ਅਤੇ **ਯਹੋਵਾਹ** ਨੂੰ **ਪਰਤਾਵੇ** [ਪਰਤਾਇਆ] ਸੀ। ਲੋਕਾਂ ਨੇ ਆਪਣੇ ਦਰਮਿਆਨ ਪ੍ਰਭੂ ਦੀ ਹਜ਼ੂਰੀ ਅਤੇ ਸਮੱਰਥ ਤੇ ਸ਼ੱਕ ਕੀਤਾ ਸੀ। ਭਾਵੇਂ ਕਿਸੇ ਨੇ ਮੂੰਹ ਨਾਲ ਕਿਹਾ ਸੀ ਜਾਂ ਨਹੀਂ, **ਭਈ ਯਹੋਵਾਹ ਸਾਡੇ ਵਿਚਕਾਰ ਹੈ ਕਿ ਨਹੀਂ?** ਪਾਣੀ ਦੀ ਕਮੀ ਬਾਰੇ ਉਨ੍ਹਾਂ ਦੀ ਸ਼ਿਕਾਇਤ ਨੇ ਉਨ੍ਹਾਂ ਦੇ ਸ਼ੱਕ ਨੂੰ ਪ੍ਰਦਰਸ਼ਿਤ ਕੀਤਾ। ਜੇਕਰ ਉਨ੍ਹਾਂ ਨੇ ਪ੍ਰਭੂ ਤੇ ਭਰੋਸਾ ਕੀਤਾ ਹੁੰਦਾ, ਤਾਂ ਉਨ੍ਹਾਂ ਨੇ ਇਹ ਪ੍ਰਸ਼ਨ ਨਹੀਂ ਕਰਨਾ ਸੀ ਕਿ ਉਹ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰੇਗਾ ਕਿ ਨਹੀਂ। ਪ੍ਰਭੂ ਤੇ ਸ਼ੱਕ ਕਰਨਾ ਅਤੇ ਉਸ ਨੂੰ ਪ੍ਰਸ਼ਨ ਪੁੱਛਣਾ ਉਸ ਨੂੰ "ਪਰਖਣਾ" ਹੁੰਦਾ ਹੈ।

ਇਸ ਤੱਥ ਨੇ ਬਹੁਤ ਸਾਰੀ ਚਰਚਾ ਨੂੰ ਪੈਦਾ ਕੀਤਾ ਹੈ ਕਿ ਉਸ ਸਥਾਨ ਦਾ ਨਾਮ "ਮੱਸਾਹ ਅਤੇ ਮਸੀਬਾਹ" ਰੱਖਿਆ ਗਿਆ ਸੀ।[5] ਉਜਾੜ ਵਿਚ ਭਟਕਣ ਦੇ ਅੰਤ ਵਿਚ ਕਾਦੇਸ਼ ਵਿਚ ਇਹੋ ਜਿਹੀ ਇਕ ਘਟਨਾ ਤੋਂ ਬਾਅਦ, ਲਿਖਤ ਵਿਚ "ਮਰੀਬਾਹ ਦੇ ਪਾਣੀਆਂ" ਦਾ ਉਲੇਖ ਹੈ (ਗਿਣਤੀ 20:13)। ਜ਼ਿਆਦਾਤਰ ਉਦਾਰ ਟਿੱਪਣੀਕਾਰਾਂ ਦਾ ਸੁਝਾਅ ਹੈ ਕਿ ਕੂਚ 17 ਅਤੇ ਗਿਣਤੀ 20 ਦੀਆਂ ਕਹਾਣੀਆਂ ਇਕੋ ਘਟਨਾ ਦੇ ਦੋ ਵੱਖੋ ਵੱਖ ਖਰੜੇ ਹਨ।[6] ਜੇਕਰ ਨਹੀਂ, ਤਾਂ ਸਥਾਨਾਂ ਨੂੰ ਇਕੋ ਨਾਮ ਕਿਉਂ ਦਿੱਤਾ ਜਾਵੇਗਾ? ਤਰਕ ਦੇ ਇਸ ਕਿਸਮ ਦੇ ਜਵਾਬ ਵਿਚ, ਆਰ. ਐਲਨ ਕੋਲ ਨੇ ਲਿਖਾ, "ਬੇਸ਼ੱਕ, ਜੇਕਰ ਇਕੋ ਘਟਨਾ ਦੋ ਵਾਰ ਵਾਪਰੀ ਹੋਵੇ, ਤਾਂ ਇਸ ਦਾ ਕੋਈ ਕਾਰਣ ਨਹੀਂ ਹੈ ਕਿ ਕਿਉਂ ਇਕੋ ਨਾਮ ਦਾ ਇਸਤੇਮਾਲ ਦੋ ਵਾਰ ਨਹੀਂ ਕੀਤਾ ਜਾਣਾ ਚਾਹੀਦਾ।"[7]

ਜੇਕਰ ਬਾਈਬਲ ਦੀਆਂ ਕਹਾਣੀਆਂ ਨੂੰ ਉਸੇ ਤਰ੍ਹਾਂ ਸਵੀਕਾਰ ਕੀਤਾ ਜਾਂਦਾ ਹੈ ਜਿਵੇਂ ਉਹ ਹਨ, ਤਾਂ ਕਿਸੇ ਨੂੰ ਇਹ ਸਿੱਟਾ ਕੱਢਣਾ ਚਾਹੀਦਾ ਹੈ ਕਿ ਦੋ ਕਹਾਣੀਆਂ ਵੱਖਰੀਆਂ ਵੱਖਰੀਆਂ ਘਟਨਾਵਾਂ ਨਾਲ ਚੱਲ ਰਹੀਆਂ ਹਨ। ਵੇਰਵੇ ਬਹੁਤ ਹੀ ਵੱਖਰੇ ਹਨ, ਜਿਸ ਤੋਂ ਇਹ ਸੰਭਾਵਨਾ ਹੈ ਕਿ ਉਹ ਇਕੋ ਘਟਨਾ ਦੇ ਦੋ ਖਾਤੇ ਨਹੀਂ ਹੋ ਸਕਦੇ ਹਨ। ਉਹ ਵੱਖ ਵੱਖ ਸਥਾਨਾਂ ਅਤੇ ਵੱਖ ਵੱਖ ਸਮਿਆਂ ਤੇ ਹੋਏ ਸਨ। ਇਸ ਤੋਂ ਇਲਾਵਾ, ਸਿੱਟੇ ਵੱਖਰੇ ਵੱਖਰੇ ਸਨ, ਕਿਉਂਕਿ ਦੂਸਰੀ ਘਟਨਾ ਤੋਂ ਬਾਅਦ ਪਰਮੇਸ਼ੁਰ ਮੂਸਾ ਦੇ ਨਾਲ ਨਾਰਾਜ਼ ਹੋ ਗਿਆ ਸੀ। ਵਚਨ ਦੇ ਬਾਕੀ ਲਿਖਤ ਵਿਚ ਇਹ ਕਹਾਣੀਆਂ ਵੱਖੋ ਵੱਖ ਖਾਤਿਆਂ ਦੇ ਰੂਪ ਵਿਚ ਯਾਦ ਕੀਤੀਆਂ ਜਾਂਦੀਆਂ ਹਨ।[8]

## ਰਫ਼ੀਦੀਮ ਵਿਚ, ਅਮਾਲੇਕ ਉੱਤੇ ਜਿੱਤ (17:8-16)

### ਜਿੱਤ ਦਿੱਤੀ ਗਈ (17:8-13)

**8ਫੇਰ ਅਮਾਲੇਕ ਆਏ ਅਰ ਰਫ਼ੀਦੀਮ ਵਿੱਚ ਇਸਰਾਏਲ ਨਾਲ ਲੜੇ। 9ਤਾਂ ਮੂਸਾ ਨੇ ਯਹੋਸ਼ੁਆ**
**ਨੂੰ ਆਖਿਆ, ਸਾਡੇ ਲਈ ਮਨੁੱਖਾਂ ਨੂੰ ਚੁਣ ਅਰ ਨਿੱਕਲ ਕੇ ਅਮਾਲੇਕ ਨਾਲ ਲੜ। ਭਲਕੇ ਮੈਂ**
**ਪਰਮੇਸ਼ੁਰ ਦਾ ਢਾਂਗਾ ਲੈਕੇ ਟਿੱਲੇ ਦੀ ਟੀਸੀ ਉੱਤੇ ਖੜਾ ਰਹਾਂਗਾ। 10ਸੋ ਯਹੋਸ਼ੁਆ ਨੇ ਤਿਵੇਂ ਹੀ ਕੀਤਾ**
**ਜਿਵੇਂ ਉਸ ਨੂੰ ਮੂਸਾ ਨੇ ਆਖਿਆ ਸੀ। ਉਹ ਅਮਾਲੇਕ ਦੇ ਨਾਲ ਲੜਿਆ ਅਤੇ ਮੂਸਾ, ਹਾਰੂਨ ਅਰ**
**ਹੂਰ ਟਿੱਲੇ ਦੀ ਟੀਸੀ ਉੱਤੇ ਚੜ੍ਹੇ। 11ਤਾਂ ਐਉਂ ਹੋਇਆ ਕਿ ਜਦ ਮੂਸਾ ਆਪਣਾ ਹੱਥ ਚੁੱਕਦਾ ਸੀ ਤਾਂ**

**ਇਸਰਾਏਲ ਜਿੱਤਦਾ ਸੀ ਅਰ ਜਦ ਆਪਣਾ ਹੱਥ ਨੀਵਾ ਕਰ ਲੈਂਦਾ ਸੀ ਤਾਂ ਅਮਾਲੇਕ ਜਿੱਤਦਾ ਸੀ। [12]ਪਰ ਮੂਸਾ ਦੇ ਹੱਥ ਭਾਰੀ ਹੋ ਗਏ ਤਾਂ ਉਨ੍ਹਾਂ ਨੇ ਪੱਥਰ ਲੈਕੇ ਉਸ ਦੇ ਹੇਠ ਧਰ ਦਿੱਤਾ ਅਰ ਉਹ ਉਸ ਉੱਤੇ ਬੈਠ ਗਿਆ ਅਰ ਹਾਰੂਨ ਅਤੇ ਹੂਰ ਨੇ ਇੱਕ ਨੇ ਇੱਕ ਪਾਸਿਓਂ ਅਤੇ ਦੂਜੇ ਨੇ ਦੂਜੇ ਪਾਸਿਓਂ ਉਸ ਦੇ ਹੱਥਾਂ ਨੂੰ ਸਾਂਭ ਛੱਡਿਆ ਤਾਂ ਉਸ ਦੇ ਹੱਥ ਸੂਰਜ ਦੇ ਆਥਣ ਤੀਕ ਤਕੜੇ ਰਹੇ। [13]ਅਰ ਯਹੋਸ਼ੁਆ ਨੇ ਅਮਾਲੇਕ ਅਤੇ ਉਸ ਦੇ ਲੋਕਾਂ ਨੂੰ ਤਲਵਾਰ ਦੀ ਧਾਰ ਨਾਲ ਹਰਾ ਦਿੱਤਾ।**

**ਆਇਤ 8.** ਇਸ ਵਾਰ, ਇਸਰਾਏਲੀਆਂ ਨੇ ਇਕ ਮਨੁੱਖ ਰਾਹੀਂ ਪੈਦਾ ਕੀਤੀ ਗਈ ਸਮੱਸਿਆ ਦਾ ਸਾਹਮਣਾ ਕੀਤਾ। **ਅਮਾਲੇਕ**, ਉਹ ਲੋਕ ਜੋ ਸੀਨਈ ਦੀ ਉਜਾੜ ਵਿਚ ਅਤੇ ਕਨਾਨ ਦੇ ਦੱਖਣੀ ਹਿੱਸੇ ਵਿਚ ਰਹਿੰਦੇ ਸਨ, **ਰਫ਼ੀਦੀਮ ਵਿੱਚ ਇਸਰਾਏਲ ਨਾਲ ਲੜੇ।** ਸ਼ਾਇਦ ਉਹ ਇਸਰਾਏਲ ਨੂੰ ਆਪਣੇ ਖੇਤਰ ਅਤੇ ਜੀਵਿਕਾ ਦੇ ਲਈ ਇਕ ਖਤਰਾ ਸਮਝਦੇ ਸਨ, ਜਿਵੇਂ ਬਾਅਦ ਵਿਚ ਅਦੋਮੀਆਂ ਨੇ ਵੀ ਸਮਝਿਆ ਸੀ (ਗਿਣਤੀ 20:14-21)।[9] ਜਦਕਿ, ਅਮਾਲੇਕ ਦੇ ਹਮਲੇ ਦਾ ਵਰਣਨ ਆਪਣੇ ਖੇਤਰ ਦੀ ਰੱਖਿਆ ਦੀ ਕੋਸ਼ਿਸ਼ ਦੇ ਰੂਪ ਵਿਚ ਨਹੀਂ, ਪਰ ਇਸਰਾਏਲੀਆਂ ਨੂੰ ਲੁੱਟਣ ਦੀ ਕੋਸ਼ਿਸ਼ ਦੇ ਰੂਪ ਵਿਚ ਕੀਤਾ ਗਿਆ ਹੈ। ਇਸ ਲਈ, ਪਰਮੇਸ਼ੁਰ ਨੇ ਐਲਾਨ ਕੀਤਾ ਕਿ ਇਸਰਾਏਲ "ਅਮਾਲੇਕੀਆਂ ਦਾ ਨਾਮ ਨਿਸ਼ਾਨ ਅਕਾਸ਼ ਦੇ ਹੇਠੋਂ" ਮਿਟਾ ਦਿਓ। ਬਿਵਸਥਾ ਸਾਰ 25:17-19 ਕਹਿੰਦੀ ਹੈ,

> ਯਾਦ ਰੱਖੋ ਜੋ ਅਮਾਲੇਕੀਆਂ ਨੇ ਤੁਹਾਡੇ ਨਾਲ ਕੀਤਾ ਜਦ ਤੁਸੀਂ ਰਾਹ ਵਿੱਚ ਸਾਓ ਅਤੇ ਮਿਸਰ ਤੋਂ ਨਿੱਕਲ ਆਏ ਸਾਓ। ਓਹ ਕਿਵੇਂ ਤੁਹਾਨੂੰ ਰਾਹ ਵਿੱਚ ਮਿਲੇ ਅਤੇ ਤੁਹਾਡੇ ਪਛਾੜੀ ਦਿਆਂ ਨੂੰ ਮਾਰਿਆ, ਉਨ੍ਹਾਂ ਸਾਰਿਆਂ ਨੂੰ ਜਿਹੜੇ ਹੁੱਸੇ ਹੋਏ ਸਨ ਜਦ ਤੁਸੀਂ ਥੱਕੇ ਮਾਂਦੇ ਸਾਓ ਅਤੇ ਓਹ ਪਰਮੇਸ਼ੁਰ ਤੋਂ ਨਾ ਡਰੇ। ਤਾਂ ਐਉਂ ਹੋਵੇਗਾ ਕਿ ਜਦ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਡੇ ਆਲੇ ਦੁਆਲੇ ਦੇ ਸਾਰੇ ਵੈਰੀਆਂ ਤੋਂ ਉਸ ਦੇਸ ਵਿੱਚ ਜਿਹੜਾ ਯਹੋਵਾਹ ਤੁਹਾਡੇ ਪਰਮੇਸ਼ੁਰ ਤੁਹਾਨੂੰ ਮਿਲਖ ਦੇ ਕਬਜ਼ੇ ਲਈ ਦਿੰਦਾ ਹੈ ਅਰਾਮ ਦੇਵੇ ਤਾਂ ਤੁਸੀਂ ਅਮਾਲੇਕੀਆਂ ਦਾ ਨਾਮ ਨਿਸ਼ਾਨ ਅਕਾਸ਼ ਦੇ ਹੇਠੋਂ ਮਿਟਾ ਦਿਓ। ਤੁਸੀਂ ਭੁੱਲ ਨਾ ਜਾਓ।

**ਆਇਤ 9. ਮੂਸਾ** ਨੇ **ਯਹੋਸ਼ੁਆ** ਨੂੰ ਅਮਾਲੇਕੀਆਂ ਦੇ ਵਿਰੁੱਧ ਲੜਣ ਦੇ ਲਈ ਇਸਰਾਏਲੀਆਂ ਦੇ ਵਿਚੋਂ ਇਕ ਸੈਨਾ ਦੇ ਮੁਖੀ ਦਾ ਕੰਮ ਸੌਂਪਿਆ। ਕਹਾਣੀ ਵਿਚ ਯਹੋਸ਼ੁਆ ਦਾ ਜ਼ਿਕਰ ਪਹਿਲੀ ਵਾਰ, ਬਿਨਾਂ ਵਿਆਖਿਆ ਜਾਂ ਹੋਰ ਜਾਣਕਾਰੀ ਦੇ ਆਇਆ ਹੈ। ਸਪੱਸ਼ਟ ਤੌਰ ਤੇ, ਮੂਸਾ ਵਿਸ਼ਵਾਸ ਕਰਦਾ ਸੀ ਕਿ ਉਸ ਦੇ ਪਾਠਕ ਪਹਿਲਾਂ ਤੋਂ ਹੀ ਉਸ ਤੋਂ ਜਾਣੂ ਸਨ। ਯਹੋਸ਼ੁਆ ਮੂਸਾ ਦਾ ਨੌਜਵਾਨ ਸਹਾਇਕ ਸੀ (24:13; 33:11; ਗਿਣਤੀ 11:28) ਜਿਸ ਨੇ ਬਾਅਦ ਵਿਚ ਇਸਰਾਏਲ ਦੇ ਆਗੂ ਦੇ ਰੂਪ ਵਿਚ ਮੂਸਾ ਦਾ ਸਥਾਨ ਲੈ ਲਿਆ ਸੀ (ਬਿਵਸਥਾ ਸਾਰ 31:3, 7, 23; 34:9)। ਉਜਾੜ ਵਿਚ ਲੜਾਈ ਦੇ ਸ਼ੁਰੂਆਤੀ ਤਜ਼ਰਬਿਆਂ ਨੇ ਉਸ ਨੂੰ ਚਾਲੀ ਸਾਲ ਬਾਅਦ ਕਨਾਨ ਦੀ ਜਿੱਤ ਦੀ ਅਗਵਾਈ ਕਰਨ ਦੇ ਲਈ ਉਸ ਨੂੰ ਪਹਿਲਾਂ ਤੋਂ ਨਿਰਧਾਰਤ ਕਰ ਦਿੱਤਾ ਸੀ।

ਜਦੋਂ ਯਹੋਸ਼ੁਆ ਨੇ ਅਮਾਲੇਕੀਆਂ ਦੇ ਵਿਰੁੱਧ ਲੜਾਈ ਕੀਤੀ, ਤਾਂ ਮੂਸਾ ਖੁਦ ਲੜਾਈ ਨੂੰ ਵੇਖਦਾ ਹੋਇਆ ਇਕ **ਟਿੱਲੇ ਦੀ ਟੀਸੀ** ਉੱਤੇ ਖੜਾ ਸੀ, [ਉਸ ਦੇ] ਹੱਥ ਵਿਚ **ਪਰਮੇਸ਼ੁਰ ਦਾ ਢਾਂਗਾ** ਸੀ। ਮੂਸਾ ਦੇ ਹੱਥਾਂ ਵਿਚ "ਪਰਮੇਸ਼ੁਰ ਦਾ ਢਾਂਗਾ" ਸੀ ਜਿਸ ਦਾ ਇਸਤੇਮਾਲ ਪਰਮੇਸ਼ੁਰ ਨੇ ਅਕਸਰ ਮਹਾਨ ਕੰਮਾਂ ਨੂੰ ਕਰਨ ਲਈ ਕੀਤਾ ਸੀ। ਇਹ ਗੱਲ ਸਪੱਸ਼ਟ ਹੈ ਕਿ ਮੂਸਾ ਦਾ ਇਰਾਦਾ ਸਿਰਫ ਲੜਾਈ ਵੇਖਣ ਦਾ ਹੀ ਨਹੀਂ ਸੀ, ਪਰ ਇਸਰਾਏਲੀ ਸੈਨਿਕਾਂ ਨੂੰ ਉਤਸਾਹਿਤ ਕਰਨ ਅਤੇ ਇਸ ਢਾਂਗੇ ਨੂੰ ਇਸਤੇਮਾਲ ਕਰਦੇ ਹੋਏ ਪਰਮੇਸ਼ੁਰ ਦੀ ਮਦਦ ਨੂੰ ਪੱਕਾ ਕਰਨਾ ਵੀ ਸੀ।

**ਆਇਤ 10.** ਅਗਲੇ ਦਿਨ **ਯਹੋਸ਼ੁਆ** ਆਪਣੇ ਸੈਨਿਕਾਂ ਨੂੰ ਲੈ ਕੇ ਅਮਾਲੇਕੀਆਂ ਦੇ ਖਿਲਾਫ਼

ਲੜਾਈ ਕਰਨ ਲਈ ਨਿੱਕਲ ਪਿਆ। **ਮੂਸਾ, ਹਾਰੂਨ** ਅਤੇ **ਹੂਰ** ਦੇ ਨਾਲ **ਟਿੱਲੇ ਦੀ ਟੀਸੀ ਉੱਤੇ ਚੜ੍ਹੇ** (ਚੜ੍ਹਿਆ)। ਹੂਰ ਮੂਸਾ ਦੇ ਪ੍ਰਤਿਨਿਧੀਆਂ ਵਿਚੋਂ ਇਕ ਸੀ, ਜਿਸ ਨੂੰ, ਮੂਸਾ ਦੇ ਦੂਰ ਹੋਣ ਦੇ ਸਮੇਂ, ਅਧਿਕਾਰ ਦੇ ਕੇ, ਹਾਰੂਨ ਦੇ ਨਾਲ ਛੱਡਿਆ ਜਾ ਸਕਦਾ ਸੀ (24:14)। ਜੋਸੇਫ਼ਸ ਦੁਆਰਾ ਦਰਜ ਕੀਤੀ ਗਈ ਇਕ ਪਰੰਪਰਾ ਦੇ ਅਨੁਸਾਰ, ਹੂਰ ਮਿਰਯਮ ਦਾ ਪਤੀ ਸੀ - ਅਤੇ ਇਸ ਲਈ ਮੂਸਾ ਦਾ ਜੀਜਾ ਸੀ।[10]

**ਆਇਤਾਂ 11-13.** ਟਿੱਲੇ ਦੀ ਟੀਸੀ ਤੇ ਉਸ ਦੇ ਸਥਾਨ ਤੇ, **ਜਦ ਮੂਸਾ ਆਪਣਾ ਹੱਥ ਚੁੱਕਦਾ ਸੀ**, ਪੂਰੀ ਸੰਭਾਵਨਾ ਹੈ ਕਿ ਇਸ ਵਿਚਲੇ ਢਾਂਗੇ ਦੇ ਨਾਲ। ਜਦੋਂ ਉਹ ਅਜਿਹਾ ਕਰਦਾ ਸੀ, ਤਾਂ **ਇਸਰਾਏਲ** ਲੜਾਈ ਵਿਚ ਜਿੱਤਦਾ ਸੀ। ਆਖ਼ਿਰਕਾਰ, **ਮੂਸਾ** ਬਹੁਤ ਥੱਕ ਗਿਆ ਅਤੇ ਉਸ ਨੂੰ ਆਪਣੇ **ਹੱਥ** (ਹੱਥਾਂ) ਨੂੰ ਨੀਵਾਂ ਕਰਨਾ ਪਿਆ। ਜਦੋਂ ਉਸ ਨੇ ਅਜਿਹਾ ਕੀਤਾ, ਤਾਂ ਅਮਾਲੇਕ ਨੇ ਜਿੱਤਣਾ ਸ਼ੁਰੂ ਕਰ ਦਿੱਤਾ। ਇਸ ਲਈ, ਇਸਰਾਏਲ ਦੀ ਜਿੱਤ ਨੂੰ ਯਕੀਨੀ ਬਣਾਉਣ ਦੇ ਲਈ, **ਹਾਰੂਨ ਅਤੇ ਹੂਰ** ਨੇ ਮੂਸਾ ਨੂੰ ਇੱਕ **ਪੱਥਰ** ਦੇ ਦਿੱਤਾ ਤਾਂ ਕਿ ਮੂਸਾ ਉੱਤੇ ਬੈਠ ਜਾਵੇ ਅਤੇ ਸਾਰਾ ਦਿਨ ਆਪਣੇ **ਹੱਥ** (ਹੱਥਾਂ) ਨੂੰ **ਸੂਰਜ ਦੇ ਆਥਣ ਤੀਕ**, ਉੱਪਰ ਚੁੱਕ ਛੱਡੇ। ਇਹ ਲੜਾਈ ਅਮਾਲੇਕਾਂ ਦੇ ਉੱਪਰ **ਯਹੋਸ਼ੁਆ** ਦੀ ਭਾਰੀ ਜਿੱਤ ਨਾਲ ਸਮਾਪਤ ਹੋਈ।

ਮੂਸਾ ਨੇ ਆਪਣੇ ਹੱਥਾਂ ਨੂੰ ਚੁੱਕ ਕੇ ਜਿੱਤ ਵਿਚ ਕਿਸ ਭਾਗ ਨੂੰ ਨਿਭਾਇਆ? ਨਹੂਮ ਐਮ. ਸਰਨਾ ਨੇ ਤਿੰਨ ਸੰਭਾਵਨਾਵਾਂ ਦਾ ਸੁਝਾਅ ਦਿੱਤਾ: (1) ਮੂਸਾ ਦੇ ਉੱਪਰ ਚੁੱਕੇ ਹੋਏ ਹੱਥ ਪ੍ਰਾਰਥਨਾ ਜਾਂ ਬੇਨਤੀ ਨੂੰ ਦਰਸਾਉਂਦੇ ਹਨ। ਪਰ, ਜਿਵੇਂ ਸਰਨਾ ਨੇ ਕਿਹਾ ਸੀ, "ਅਸੀਂ ਇਸ ਗੱਲ ਨੂੰ ਨਹੀਂ ਮੰਨ ਸਕਦੇ ਕਿ ਜਦੋਂ ਮੂਸਾ ਦੇ ਹੱਥ ਉੱਪਰ ਖੜ੍ਹੇ ਸਨ ਤਾਂ ਉਸ ਨੇ ਪ੍ਰਾਰਥਨਾ ਕਰਨੀ ਬੰਦ ਕਰ ਦਿੱਤੀ ਹੋ ਸਕਦੀ ਹੈ।" (2) ਕਿਉਂਕਿ, ਪ੍ਰਾਚੀਨ ਨੇੜਲੇ ਪੂਰਬ ਵਿਚ, ਹੱਥ ਸ਼ਕਤੀ ਜਾਂ ਤਾਕਤ ਨੂੰ ਦਰਸਾਉਂਦਾ ਸੀ। ਮੂਸਾ ਦੇ ਉੱਪਰ ਖੜ੍ਹੇ ਕੀਤੇ ਹੱਥ ਨੇ "ਇਸਰਾਏਲੀਆਂ ਦੇ ਯੋਧਿਆਂ ਦੀ ਰੱਬੀ ਸ਼ਕਤੀ" ਦੀ ਵਿਚੋਲਗੀ ਕੀਤੀ। ਜੇਕਰ ਇਹ ਸਪੱਸ਼ਟੀਕਰਣ ਸਹੀ ਹੈ, ਤਾਂ ਸਰਨਾ ਨੇ ਕਿਹਾ, ਇੱਥੇ "ਨਾ ਤਾਂ ਜਾਦੂਈ ਰੀਤੀ ਨਾ ਹੀ ਜਾਦੂਗਰੀ ਦਾ ਫਾਰਮੂਲਾ ਸ਼ਾਮਲ" ਹੈ। (3) ਇਕ ਤੀਸਰੀ ਸੰਭਾਵਨਾ, ਜਿਸ ਨੂੰ ਸਰਨਾ ਨੇ ਪ੍ਰੇਰਕ ਪਾਇਆ ਹੈ, ਉਹ ਇਹ ਸੁਝਾਅ ਹੈ "ਕਿ ਮੂਸਾ ਨੇ ਇਕ ਅਜਿਹਾ ਮੋਰਚਾ ਸੰਭਾਲਿਆ ਜੋ ਇਸਰਾਏਲ ਦੀਆਂ ਸ਼ਕਤੀਆਂ ਨੂੰ ਇਕੱਠਾ ਕਰਨ ਮਨੋਬਲ ਵਧਾਉਣ ਦਾ ਕੰਮ ਕਰਦਾ ਹੈ।" ਇਸ ਸੰਭਾਵਨਾ ਦਾ ਸਬੂਤ ਸ਼ਾਇਦ ਇਸ ਤੱਥ ਵਿਚ ਪਾਇਆ ਜਾਂਦਾ ਹੈ ਕਿ ਉਹ ਜਗਵੇਦੀ ਜੋ ਮੂਸਾ ਨੇ ਇਸ ਘਟਨਾ ਦੀ ਯਾਦਗਾਰੀ ਦੇ ਲਈ ਬਣਾਈ ਸੀ ਉਸ ਦਾ ਨਾਮ "ਯਹੋਵਾਹ ਨਿੱਸੀ" ਰੱਖਿਆ ਗਿਆ ਸੀ।[11]

ਮੂਸਾ ਦੇ ਦੁਆਰਾ ਆਪਣੇ ਹੱਥਾਂ ਨੂੰ ਉੱਪਰ ਖੜ੍ਹੇ ਕਰੀ ਰੱਖਣ ਦਾ ਪ੍ਰਾਥਮਿਕ ਉਦੇਸ਼ ਇਸ ਗੱਲ ਨੂੰ ਪ੍ਰਦਰਸ਼ਿਤ ਕਰਨਾ ਸੀ ਕਿ ਜਿੱਤ ਯਹੋਵਾਹ ਦੀ ਸਮੱਰਥ ਦੇ ਨਾਲ ਮਿਲੀ ਸੀ, ਨਾ ਕਿ ਇਸਰਾਏਲ ਦੀ ਸੈਨਾ ਦੀ ਸਮੱਰਥ ਦੇ ਨਾਲ। ਇਹ ਸੱਚਾਈ ਕਿ ਪ੍ਰਭੂ ਲੜਾਈ ਵਿਚ ਅਸਲੀ ਜੇਤੂ ਹੈ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਮੂਸਾ ਨੇ ਆਪਣੇ ਉੱਪਰ ਚੁੱਕੇ ਹੋਏ ਹੱਥ ਵਿਚ "ਪਰਮੇਸ਼ੁਰ ਦੇ ਢਾਂਗੇ ਨੂੰ" ਫੜਿਆ ਹੋਇਆ ਸੀ। ਫਿਰ ਉਹ ਢਾਂਗਾ ਸ਼ਾਇਦ "ਝੰਡਾ" ਜਾਂ "ਬੈਨਰ" ਬਣ ਗਿਆ ਹੋ ਸਕਦਾ ਹੈ, ਜਿਸ ਨੇ ਸੈਨਿਕਾਂ ਨੂੰ ਹੋਰ ਦਲੇਰੀ ਅਤੇ ਦ੍ਰਿੜ ਸੰਕਲਪ ਅਤੇ ਆਤਮ ਵਿਸ਼ਵਾਸ ਨਾਲ ਲੜਣ ਲਈ ਪ੍ਰੇਰਿਤ ਕੀਤਾ।

### ਜਿੱਤ ਦਰਜ ਕੀਤੀ ਗਈ (17:14-16)

**[14]ਯਹੋਵਾਹ ਨੇ ਮੂਸਾ ਨੂੰ ਆਖਿਆ, ਏਸ ਨੂੰ ਚੇਤੇ ਰੱਖਣ ਲਈ ਪੁਸਤਕ ਵਿੱਚ ਲਿੱਖ ਲੈ ਅਰ ਯਹੋਸ਼ੁਆ ਦੇ ਕੰਨਾਂ ਵਿੱਚ ਸੁਣਾ ਕਿਉਂ ਕਿ ਮੈਂ ਅਮਾਲੇਕ ਦਾ ਚੇਤਾ ਅਕਾਸ਼ ਦੇ ਹੇਠੋਂ ਮਿਟਾ ਦੇਵਾਂਗਾ।**

**15ਮੂਸਾ ਨੇ ਜਗਵੇਦੀ ਬਣਾਈ ਅਰ ਉਸ ਦਾ ਨਾਉਂ ਯਹੋਵਾਹ ਨਿੱਸੀ ਰੱਖਿਆ 16ਅਰ ਉਸ ਆਖਿਆ ਭਈ ਯਹੋਵਾਹ ਦੇ ਸਿੰਘਾਸਣ ਉੱਤੇ ਸੌਂਹ ਏਹ ਹੈ ਕਿ ਅਮਾਲੇਕ ਦੇ ਨਾਲ ਯਹੋਵਾਹ ਦਾ ਜੁੱਧ ਪੀੜ੍ਹੀਓਂ ਤੀਕ ਹੁੰਦਾ ਰਹੇਗਾ।**

**ਆਇਤ 14.** ਬਾਈਬਲ ਵਿਚ ਲਿਖਤ ਦੇ ਪਹਿਲੇ ਜ਼ਿਕਰ ਵਿਚ,[12] **ਯਹੋਵਾਹ** ਨੇ **ਮੂਸਾ** ਨੂੰ ਕਿਹਾ ਕਿ ਇਕ ਪੁਸਤਕ ਵਿਚ ਦਰਜ ਕਰ ਕਿ ਉਹ **ਅਮਾਲੇਕ** ਨੂੰ ਨਾਸ ਕਰ ਦੇਵੇਗਾ। ਪਰਮੇਸ਼ੁਰ ਨੇ ਮੂਸਾ ਨੂੰ ਹਿਦਾਇਤ ਕੀਤੀ ਕਿ ਜੋ ਉਸ ਨੇ ਲਿਖਿਆ ਹੈ ਉਸ ਨੂੰ **ਯਹੋਸ਼ੁਆ ਦੇ ਕੰਨਾਂ ਵਿੱਚ ਸੁਣਾ** ਇਸ ਗੱਲ ਦਾ ਸੰਕੇਤ ਦਿੰਦਾ ਹੀ ਕਿ ਯਹੋਸ਼ੁਆ ਉਸ ਦਾ ਉੱਤਰਾਧਿਕਾਰੀ ਬਣਨਾ ਸੀ।

ਇਸ ਘਟਨਾ ਤੋਂ ਬਾਅਦ, ਅਮਾਲੇਕ ਦੇ ਲੋਕਾਂ ਦੇ ਹਵਾਲੇ ਸਿਰਫ ਇਸਰਾਏਲ ਦੇ ਦੁਸ਼ਮਣ ਹੋਣ ਦੇ ਪ੍ਰਸੰਗ ਵਿਚ ਹੀ ਮਿਲਦੇ ਹਨ। ਦੋ ਮਾਮਲੇ ਵਿਸ਼ੇਸ਼ ਤੌਰ ਤੇ ਪ੍ਰਮੁੱਖ ਹਨ। (1) ਗਿਣਤੀ 14:39-45 ਵਿਚ, ਇਸਰਾਏਲੀਆਂ ਨੇ ਬਾਰਾਂ ਜਸੂਸਾਂ ਦੀ ਰਿਪੋਰਟ ਵਿਚ ਪਾਪ ਕੀਤਾ ਸੀ ਅਤੇ ਉਹ ਪੀੜ੍ਹੀ ਉਜਾੜ ਵਿਚ ਹੀ ਨਾਸ ਕੀਤੀ ਗਈ ਸੀ। ਪਰ, ਲੋਕਾਂ ਨੇ ਕਿਸੇ ਵੀ ਤਰ੍ਹਾਂ ਭੂਮੀ ਵਿਚ ਪ੍ਰਵੇਸ਼ ਕਰਨ ਦਾ ਫ਼ੈਸਲਾ ਲੈ ਲਿਆ ਸੀ। ਜਦੋਂ ਉਨ੍ਹਾਂ ਨੇ ਪਰਮੇਸ਼ੁਰ ਦੀ ਪਰਵਾਨਗੀ ਜਾਂ ਮਦਦ ਤੋਂ ਬਿਨਾਂ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਉਹ "ਅਮਾਲੇਕੀਆਂ ਅਤੇ ਕਨਾਨੀਆਂ" ਦੁਆਰਾ ਹਾਰ ਗਏ। (2) 1 ਸਮੂਏਲ 15:2 ਵਿਚ ਪ੍ਰਭੂ ਨੇ ਸਮੂਏਲ ਦੇ ਦੁਆਰਾ ਸ਼ਾਊਲ ਨੂੰ ਕਿਹਾ, "ਮੈਨੂੰ ਚੇਤਾ ਹੈ ਜੋ ਕੁਝ ਅਮਾਲੇਕ ਨੇ ਇਸਰਾਏਲ ਨਾਲ ਕੀਤਾ ਜਿਸ ਵੇਲੇ ਓਹ ਮਿਸਰੋਂ ਨਿੱਕਲ ਆਏ ਤਾਂ ਓਹ ਕਿੱਕੁਰ ਓਹਨਾਂ ਦੇ ਰਾਹ ਵਿੱਚ ਵਿਰੋਧੀ ਬਣ ਕੇ ਆਇਆ।" ਫਿਰ ਸ਼ਾਊਲ ਨੂੰ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ ਅਮਾਲੇਕੀਆਂ ਨੂੰ ਪੂਰੀ ਤਰ੍ਹਾਂ ਨਾਲ ਨਾਸ ਕਰੇ, ਪਰ ਉਸ ਨੇ ਅਜਿਹਾ ਨਹੀਂ ਕੀਤਾ (1 ਸਮੂਏਲ 15:3-9)।

**ਆਇਤਾਂ 15, 16.** ਅਮਾਲੇਕ ਉੱਤੇ ਜਿੱਤ ਦੀ ਯਾਦ ਦਿਵਾਉਣ ਲਈ, **ਮੂਸਾ ਨੇ ਜਗਵੇਦੀ ਬਣਾਈ ਅਰ ਉਸ ਦਾ ਨਾਉਂ ਯਹੋਵਾਹ ਨਿੱਸੀ ਰੱਖਿਆ।** ਇਸਰਾਏਲ ਅਕਸਰ ਪਰਮੇਸ਼ੁਰ ਦੇ ਲੋਕਾਂ ਦੇ ਜੀਵਨਾਂ ਵਿਚ ਮਹਾਨ ਘਟਨਾਵਾਂ ਦੀ ਯਾਦ ਵਿਚ ਇਕ ਸਮਾਰਕ ਜਾਂ ਜਗਵੇਦੀ ਜਾਂ ਪੱਥਰਾਂ ਦਾ ਢੇਰ ਲਗਾ ਦਿੰਦੇ ਸਨ (ਵੇਖੋ ਯਹੋਸ਼ੁਆ 4:1-7)। ਸਪੱਸ਼ਟ ਤੌਰ ਤੇ ਜਗਵੇਦੀ ਦੇ ਸਮਰਪਣ ਦੇ ਮੌਕੇ ਤੇ, ਮੂਸਾ ਨੇ **ਯਹੋਵਾਹ** ਦੀ **ਸੌਂਹ** ਨੂੰ ਦੁਹਰਾਇਆ: ਕਿ **ਅਮਾਲੇਕ ਦੇ ਨਾਲ ਯਹੋਵਾਹ ਦਾ ਜੁੱਧ ਪੀੜ੍ਹੀਓਂ ਤੀਕ ਹੁੰਦਾ ਰਹੇਗਾ।**

# ਪ੍ਰਾਸੰਗਿਕਤਾ

## ਪ੍ਰਭੂ ਨੂੰ ਪਰਖਣਾ (17:2, 7)

ਜਦੋਂ ਇਸਰਾਏਲੀਆਂ ਨੇ "ਮੂਸਾ ਨਾਲ ਝਗੜਾ ਕੀਤਾ" ਅਤੇ "ਮੂਸਾ ਦੇ ਵਿਰੁੱਧ ਕੁੜ੍ਹਕੁੜਾਏ" (17:2, 3), ਤਾਂ ਉਹ ਅਸਲ ਵਿਚ ਪ੍ਰਭੂ ਨੂੰ ਪਰਖ ਰਹੇ ਸਨ (17:2, 7)। ਉਨ੍ਹਾਂ ਨੇ ਇਸ ਗੱਲ ਤੇ ਸ਼ੱਕ ਕਰਦੇ ਹੋਏ ਕਿ ਉਹ ਉਨ੍ਹਾਂ ਦੇ ਦਰਮਿਆਨ ਹੈ ਪ੍ਰਭੂ ਦੀ ਪਰਖ ਕੀਤੀ। ਜਦੋਂ ਅਸੀਂ ਆਪਣੀਆਂ ਹਲਾਤਾਂ ਦੇ ਬਾਰੇ ਸ਼ਿਕਾਇਤ ਕਰਦੇ ਅਤੇ ਕੁੜ੍ਹਕੁੜਾਉਂਦੇ ਹਾਂ, ਤਾਂ ਕੀ ਅਸੀਂ ਪ੍ਰਭੂ ਨੂੰ ਪਰਖਦੇ ਨਹੀਂ ਹਾਂ? ਕੀ ਸਾਨੂੰ ਸ਼ੱਕ ਨਹੀਂ ਹੈ ਕਿ ਉਹ "ਸਾਡੇ ਦਰਮਿਆਨ" ਹੈ? ਕੀ ਅਸੀਂ ਇਸ ਤਰ੍ਹਾਂ ਕਰਦੇ ਹਾਂ ਜਿਵੇਂ ਉਹ ਬਹੁਤ ਹੀ ਦੂਰ ਸੀ ਅਤੇ ਸਾਡੀਆਂ ਸਮੱਸਿਆਵਾਂ ਤੋਂ ਬੇਖਬਰ ਸੀ। ਆਓ ਅਸੀਂ ਇਸਰਾਏਲੀਆਂ ਦੇ ਵਾਂਗ ਪਰਮੇਸ਼ੁਰ ਨੂੰ ਨਾ "ਪਰਤਾਈਏ"!

## ਇਕ ਦੂਜੇ ਦੇ ਹੱਥਾਂ ਨੂੰ ਚੁੱਕਣਾ (17:8-16)

ਹਾਰੂਨ ਅਤੇ ਹੂਰ ਨੇ ਮੂਸਾ ਦੇ ਹੱਥਾਂ ਨੂੰ ਫੜਿਆ ਸੀ, ਅਤੇ ਇਸਰਾਏਲੀਆਂ ਨੇ ਅਮਾਲੇਕ ਤੇ ਯੁੱਧ ਨੂੰ ਜਿੱਤ ਲਿਆ। ਇਹ ਸਾਡੇ ਲਈ ਇੱਕ ਚੰਗੀ ਉਦਾਹਰਣ ਹੈ। ਹਾਰੂਨ ਅਤੇ ਹੂਰ ਨੇ ਹੌਂਸਲਾ ਦੇਣ ਵਾਲੇ ਦੇ ਹੌਂਸਲੇ ਨੂੰ ਵਧਾਇਆ! ਮਸੀਹੀ ਹੋਣ ਦੇ ਨਾਤੇ ਸਾਡੇ ਜੀਵਨਾਂ ਵਿਚ ਇਹੋ ਜਿਹੀਆਂ ਸਥਿਤੀਆਂ ਪੈਦਾ ਹੋ ਸਕਦੀਆਂ ਹਨ। ਅਸੀਂ ਇੱਕ ਆਤਮਕ ਯੁੱਧ ਵਿਚ ਹਾਂ (ਅਫ਼ਸੀਆਂ 6:10-13)। ਇਸ ਯੁੱਧ ਨੂੰ ਜਿੱਤਣ ਦੇ ਲਈ ਦੂਸਰਿਆਂ ਵੱਲੋਂ ਉਤਸਾਹ ਅਤੇ ਰੱਬੀ ਮਦਦੀ ਦੀ ਲੋੜ ਹੁੰਦੀ ਹੈ। ਇਸ ਲਈ, ਸਾਨੂੰ ਦਲੇਰੀ ਦੇਣੀ ਅਤੇ ਹਾਸਲ ਕਰਨੀ ਚਾਹੀਦੀ ਹੈ (ਇਬਰਾਨੀਆਂ 3:12, 13; 10:19-25)।

ਸਾਨੂੰ ਇਕੱਠੇ ਮਿਲ ਕੇ ਬੰਦਗੀ ਕਰਨ ਨੂੰ ਇੱਕ ਉੱਚ ਪ੍ਰਾਥਮਿਕਤਾ ਤੇ ਰੱਖਣਾ ਚਾਹੀਦਾ ਹੈ ਕਿਉਂਕਿ ਕਲੀਸੀਆ ਉਹ ਹੈ ਜਿੱਥੇ ਅਸੀਂ ਉਤਸਾਹ ਨੂੰ ਪ੍ਰਾਪਤ ਕਰਦੇ ਹਾਂ। ਸਾਡੇ ਆਲੇ-ਦੁਆਲੇ ਰੂਹਾਨੀ ਖਤਰਾ ਹੈ। ਕਿਉਂਕਿ ਨਿਰਾਸ਼ਾ ਸਾਡੇ ਸਦੀਪਕ ਭਾਗਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਇਸ ਲਈ ਸਾਥੀ ਮਸੀਹੀਆਂ ਦੇ ਨਾਲ ਸੰਗਤੀ ਦਾ ਸਮਾਂ ਮਹੱਤਵਪੂਰਣ ਹੈ। ਚਰਚ ਵਿਚਲੇ ਜੀਵਨ ਤੋਂ ਬਿਨਾ ਮਸੀਹ ਵਿਚ ਕੋਈ ਜੀਵਨ ਨਹੀਂ ਹੈ।

ਪਰਮੇਸ਼ੁਰ ਸਹਾਇਕ, ਪਵਿੱਤਰ ਆਤਮਾ ਦੇ ਦੁਆਰਾ ਸਾਨੂੰ ਉਤਸਾਹਿਤ ਕਰਦਾ ਹੈ (ਯੂਹੰਨਾ 14:1-9, 16)। "ਸਹਾਇਕ" ਯੂਨਾਨੀ ਸ਼ਬਦ παράκλητος *(ਪਾਰਾਕਲੇਟੋਸ)* ਤੋਂ ਹੈ, ਜਿਸ ਦਾ ਅਰਥ "ਵਕੀਲ, ਸਹਾਇਕ, ਉਤਸਾਹ ਦੇਣ ਵਾਲਾ" ਹੈ। ਆਓ ਅਸੀਂ ਇਕ ਦੂਜੇ ਨੂੰ ਉਤਸਾਹਿਤ ਕਰੀਏ। ਜਦੋਂ ਅਸੀਂ ਹਰ ਰੋਜ਼ ਜੀਵਨ ਗੁਜ਼ਾਰਦੇ ਹਾਂ ਤਾਂ ਅਸੀਂ ਇਕ ਦੂਜੇ ਦੇ ਹੱਥ ਨੂੰ ਫੜ ਸਕਦੇ ਹਾਂ।

## ਮੂਸਾ ਦੇ ਹੱਥਾਂ ਨੂੰ ਚੁੱਕਣਾ (17:12)

ਹਾਰੂਨ ਅਤੇ ਹੂਰ ਨੇ ਮੂਸਾ ਦੇ ਹੱਥਾਂ ਨੂੰ ਫੜਣਾ ਉਸ ਮਦਦ ਦੇ ਲਈ ਲੋਕ ਪ੍ਰਸਿੱਧ ਹੋ ਗਿਆ ਹੈ ਜੋ ਮਦਦਗਾਰ ਲੋਕ ਮਹਾਨ ਲੋਕਾਂ ਨੂੰ ਦਿੰਦੇ ਹਨ। ਇੱਕ ਮਹਾਨ ਪ੍ਰਚਾਰਕ ਸਾਰੇ ਭਾਈਚਾਰੇ ਵਿਚ ਕਲੀਸਿਆਵਾਂ ਵਿਚ ਬਹੁਤ ਹੀ ਚੰਗੀ ਤਰ੍ਹਾਂ ਨਾਲ ਬੋਲਦਾ ਹੈ, ਪਰ ਕੋਈ ਹੋਰ ਉਸ ਦੇ ਲਈ ਇਸ ਨੂੰ ਕਰਨਾ ਸੰਭਵ ਬਣਾਉਂਦਾ ਹੈ ਅਜਿਹਾ ਕਰਨ ਦੇ ਲਈ ਉਹ ਮੁਲਾਕਾਤਾਂ ਨੂੰ ਨਿਰਧਾਰਤ ਕਰਦਾ ਹੈ ਜਾਂ ਉਸ ਦੇ ਲਈ ਆਵਾਜਾਈ ਦਾ ਪ੍ਰਬੰਧ ਕਰਦਾ ਹੈ। ਇਕ ਪ੍ਰਚਾਰਕ ਇੱਕ ਕਲੀਸਿਆ ਵਿਚ ਮਹਾਨ ਕੰਮ ਕਰਦਾ ਹੈ, ਪਰ ਦੂਸਰੇ ਲੋਕ ਉਸ ਦੀ ਮਦਦ ਕਰਦੇ ਹਨ, ਉਦਾਹਰਣ ਦੇ ਲਈ, ਦਫ਼ਤਰੀ ਕੰਮ ਕਰਨ ਦੇ ਦੁਆਰਾ। ਇਕ ਲੇਖਕ ਪ੍ਰਸਿੱਧ ਹੁੰਦਾ ਹੈ, ਪਰ ਹੋਰ ਲੋਕ ਸ਼ਬਦਾਵਲੀ ਅਤੇ ਵਿਆਕਰਣ ਵਿਚ ਉਸ ਦੀ ਮਦਦ ਕਰਦੇ ਹਨ। ਇੱਕ ਬੁਲਾਰੇ, ਪ੍ਰਚਾਰਕ, ਜਾਂ ਲੇਖਕ ਨੂੰ ਵਾਹ-ਵਾਹ ਮਿਲਦੀ ਹੈ ਪਰ ਉਸ ਦੇ ਮਦਦਗਾਰ ਉਸ ਦੇ ਲਈ ਇਸ ਨੂੰ ਸੰਭਵ ਬਣਾਉਂਦੇ ਹਨ। ਜੇਕਰ ਅਸੀਂ ਮਹਾਨ ਨੇਤਾ ਨਹੀਂ ਬਣ ਸਕੇ, ਤਾਂ ਆਓ ਅਸੀਂ ਉਨ੍ਹਾਂ ਦੇ ਹੱਥਾਂ ਨੂੰ ਫੜੀ ਰੱਖੀਏ ਜੋ ਮਹਾਨ ਹਨ। ਜੇਕਰ ਅਸੀਂ ਅਜਿਹਾ ਕਰਦੇ ਹਾਂ, ਤਾਂ ਅਸੀਂ ਪਰਮੇਸ਼ੁਰ ਦੇ ਦੁਆਰਾ ਬਰਕਤ ਪਾਵਾਂਗੇ, ਭਾਵੇਂ ਹੋਰ ਲੋਕ ਸਾਡੇ ਕੰਮਾਂ ਤੇ ਧਿਆਨ ਨਾ ਦੇਣ।

## ਜਦੋਂ ਪਰਮੇਸ਼ੁਰ "ਦੋਸ਼ ਲਾਉਂਦਾ ਹੈ" (17:14-16)

ਕੂਚ 17:14-16 ਦੇ ਸ਼ਬਦਾਂ ਦਾ ਅਰਥ ਹੈ ਕਿ ਪਰਮੇਸ਼ੁਰ ਨੇ ਅਮਾਲੇਕ ਦੇ ਖਿਲਾਫ਼ ਇਕ ਦੋਸ਼ ਨੂੰ ਪਰਗਟ ਕੀਤਾ ਸੀ। ਉਸ ਕੌਮ ਦੇ ਪ੍ਰਤਿ ਪਰਮੇਸ਼ੁਰ ਦੀ ਦੁਸ਼ਮਣੀ ਉਸ ਸਮੇਂ ਤਕ ਜਾਰੀ ਰਹੀ ਜਦੋਂ ਤਕ ਉਹ ਪੂਰੀ ਤਰ੍ਹਾਂ ਨਾਲ ਤਬਾਹ ਨਹੀਂ ਹੋ ਗਈ। ਇਹ ਅਜੀਬ ਲੱਗਦਾ ਹੈ, ਖਾਸ ਤੌਰ ਤੇ ਇਸ ਲਈ ਕਿ ਪਰਮੇਸ਼ੁਰ ਸਾਨੂੰ ਕ੍ਰੋਧ ਨੂੰ ਫੜੀ ਰੱਖਣ ਤੋਂ ਮਨ੍ਹਾ ਕਰਦਾ ਹੈ (ਲੇਵੀਆਂ 19:18;

ਕੁਲੁੱਸੀਆਂ 3:13)। ਆਓ ਅਸੀਂ ਇਸ ਗੱਲ ਤੇ ਵਿਚਾਰ ਕਰੀਏ ਕਿ ਉਹ ਮੂਸਾ ਦੇ ਦਿਨਾਂ ਵਿਚ ਅਮਾਲੇਕ ਦੇ ਨਾਲ ਕਿਵੇਂ ਨਿਪਟਿਆ ਅਤੇ ਅਮਾਲੇਕੀਆਂ ਦੇ ਪ੍ਰਤਿ ਉਸ ਦਾ ਵਿਹਾਰ ਅੱਜ ਉਨ੍ਹਾਂ ਲੋਕਾਂ ਦੇ ਲਈ ਕਿਹੋ ਜਿਹਾ ਸੀ ਜੋ ਅਮਾਲੇਕੀਆਂ ਦੇ ਵਰਗੇ ਹਨ।

*ਪਰਮੇਸ਼ੁਰ ਨੇ ਅਮਾਲੇਕ ਦੇ ਨਾਲ ਕਿਵੇਂ ਵਿਹਾਰ ਕੀਤਾ?* ਕੂਚ 17 ਵਿਚ ਇਸਰਾਏਲ ਮਿਸਰ ਤੋਂ ਛੁਡਾਇਆ ਗਿਆ ਸੀ। ਉਹ ਉਜਾੜ ਦੇ ਵਿਚੋਂ ਦੀ ਸੀਨਈ ਪਹਾੜ ਵੱਲ ਜਾ ਰਹੇ ਸਨ, ਜਿੱਥ ਉਨ੍ਹਾਂ ਨੇ ਸ਼ਰਾ ਨੂੰ ਪ੍ਰਾਪਤ ਕਰਣਗੇ। ਜਿਸ ਢੰਗ ਦੇ ਨਾਲ ਉਨ੍ਹਾਂ ਨੇ ਮੁਸ਼ਕਲਾਂ ਦਾ ਸਾਹਮਣਾ ਕੀਤਾ ਸੀ ਜਿਨ੍ਹਾਂ ਦੇ ਕਾਰਣ ਉਨ੍ਹਾਂ ਨੇ ਸ਼ਿਕਾਇਤ ਕੀਤੀ, ਪਰਮੇਸ਼ੁਰ ਨੇ ਪਾਣੀ (ਅਧਿਆਇ 15) ਅਤੇ ਭੋਜਨ ਦੀ ਉਨ੍ਹਾਂ ਦੀ ਲੋੜ ਨੂੰ ਪੂਰਾ ਕੀਤਾ (ਅਧਿਆਇ 16)। ਫਿਰ ਉਹ ਰਫ਼ੀਦੀਮ ਵਿਚ ਆਏ, ਇਕ ਅਜਿਹਾ ਸਥਾਨ, ਜਿੱਥੇ "ਪਰਜਾ ਦੇ ਪੀਣ ਲਈ ਪਾਣੀ ਨਹੀਂ ਸੀ" (17:1)। ਇਕ ਵਾਰ ਫਿਰ, ਉਨ੍ਹਾਂ ਨੇ ਸ਼ਿਕਾਇਤ ਕੀਤੀ ਅਤੇ ਪਰਮੇਸ਼ੁਰ ਨੇ ਇਸ ਵਾਰ ਉਨ੍ਹਾਂ ਨੂੰ ਇਕ ਚਟਾਨ ਵਿਚੋਂ ਪਾਣੀ ਦੇਣ ਦੇ ਦੁਆਰਾ, ਦਿਆਲੂਤਾ ਦੇ ਨਾਲ ਉੱਤਰ ਦਿੱਤਾ।

ਇਸ ਤੋਂ ਬਾਅਦ ਸਾਡੀ ਲਿਖਤ ਦੀ ਗੱਲ ਆਉਂਦੀ ਹੈ। ਅਮਾਲੇਕ ਨੇ ਇਸਰਾਏਲ ਤੇ ਹਮਲਾ ਕੀਤਾ। ਮੂਸਾ ਨੇ ਯਹੋਸ਼ੁਆ ਨੂੰ ਅਮਾਲੇਕੀਆਂ ਦੇ ਖਿਲਾਫ਼ ਲੜਣ ਦੇ ਲਈ ਇਕ ਸੈਨਾ ਨੂੰ ਤਿਆਰ ਕਰਨ ਦੁਆਰਾ ਇਸ ਹੁਕਮ ਦਾ ਜਵਾਬ ਦਿੱਤਾ। ਅਗਲੇ ਦਿਨ, ਯਹੋਸ਼ੁਆ ਆਪਣੇ ਲੋਕਾਂ ਨੂੰ ਮੈਦਾਨ ਵਿਚ ਲੈ ਗਿਆ ਜਦਕਿ ਮੂਸਾ, ਹਾਰੂਨ ਅਤੇ ਹੂਰ ਦੇ ਨਾਲ, ਨੇੜੇ ਦੇ ਇੱਕ ਟਿੱਲੇ ਦੀ ਟੀਸੀ ਉੱਤੇ ਚੜ੍ਹ ਗਿਆ। ਜਦੋਂ ਦੋਵੇਂ ਫੌਜ਼ਾਂ ਲੜਾਈ ਵਿਚ ਰੁੱਝੀਆਂ ਹੋਈਆਂ ਸਨ, ਤਾਂ ਮੂਸਾ ਨੇ ਆਪਣੇ ਹੱਥਾਂ ਨੂੰ ਉਤਾਹਾਂ ਚੁੱਕਿਆ ਹੋਇਆ ਸੀ। ਜਦੋਂ ਤਕ ਉਸ ਨੇ ਆਪਣੇ ਹੱਥ ਨੂੰ ਉੱਪਰ ਰੱਖਿਆ, ਉਦੋਂ ਤਕ ਇਸਰਾਏਲ ਨੇ ਆਪਣੇ ਦੁਸ਼ਮਣ ਤੇ ਜਿੱਤ ਹਾਸਲ ਕੀਤੀ। ਪਰ, ਆਖਿਰਕਾਰ, ਉਹ ਥੱਕ ਗਿਆ ਅਤੇ ਆਪਣੇ ਹੱਥ ਨੂੰ ਨੀਵਾਂ ਕੀਤਾ। "ਜਦ ਆਪਣਾ ਹੱਥ ਨੀਵਾਂ ਕਰ ਲੈਂਦਾ ਸੀ ਤਾਂ ਅਮਾਲੇਕ ਜਿੱਤਦਾ ਸੀ" (17:11)। ਹਾਰੂਨ ਅਤੇ ਹੂਰ ਉਸ ਦੇ ਬੈਠਣ ਲਈ ਇਕ ਪੱਥਰ ਲਿਆਏ, ਅਤੇ ਉਨ੍ਹਾਂ ਨੇ "ਉਸ ਦੇ ਹੱਥਾਂ ਨੂੰ ਸਾਂਭ ਛੱਡਿਆ" ਉਨ੍ਹਾਂ ਨੂੰ ਉਦੋਂ ਤਕ ਫੜੀ ਰੱਖਿਆ ਜਦੋਂ ਤਕ ਸੂਰਜ ਢਲ ਨਾ ਗਿਆ। ਅਸੀਂ ਪੜ੍ਹਿਆ ਕਿ "ਅਰ ਯਹੋਸ਼ੁਆ ਨੇ ਅਮਾਲੇਕ ਅਤੇ ਉਸ ਦੇ ਲੋਕਾਂ ਨੂੰ ਤਲਵਾਰ ਦੀ ਧਾਰ ਨਾਲ ਹਰਾ ਦਿੱਤਾ" (17:12, 13)। ਉਸ ਤੋਂ ਬਾਅਦ, ਪਰਮੇਸ਼ੁਰ ਨੇ ਘੋਸ਼ਣਾ ਕੀਤੀ ਕਿ ਉਹ "ਅਮਾਲੇਕ ਦਾ ਚੇਤਾ ਅਕਾਸ਼ ਦੇ ਹੇਠੋਂ ਮਿਟਾ ਦੇਵੇਗਾ" ਅਤੇ "ਅਮਾਲੇਕ ਦੇ ਨਾਲ ਯਹੋਵਾਹ ਦਾ ਜੁੱਧ ਪੀੜ੍ਹੀਓਂ ਪੀੜ੍ਹੀ ਤੀਕ ਹੁੰਦਾ ਰਹੇਗਾ" (17:14-16)।

ਜੇਕਰ ਅਸੀਂ ਸੋਚਦੇ ਹਾਂ ਕਿ ਪਰਮੇਸ਼ੁਰ ਅਮਾਲੇਕ ਨੂੰ ਲਗਾਤਾਰ ਸਜ਼ਾ ਦੀ ਅਤੇ ਆਖਿਰਕਾਰ ਨਾਸ ਦੀ ਧਮਕੀ ਕਿਉਂ ਦਿੰਦਾ ਹੈ, ਤਾਂ ਇਸ ਪ੍ਰਸ਼ਨ ਦਾ ਉੱਤਰ ਬਿਵਸਥਾ ਸਾਰ 25:17-19 ਵਿਚ ਮਿਲਦਾ ਹੈ, ਜਿੱਥੇ ਮੂਸਾ ਨੇ ਲਿਖਿਆ ਕਿ ਅਮਾਲੇਕ "ਤੁਹਾਨੂੰ ਰਾਹ ਵਿੱਚ ਮਿਲੇ ਅਤੇ ਤੁਹਾਡੇ ਪਛਾੜੀ ਦਿਆਂ ਨੂੰ ਮਾਰਿਆ, ਉਨ੍ਹਾਂ ਸਾਰਿਆਂ ਨੂੰ ਜਿਹੜੇ ਹੁੱਸੇ ਹੋਏ ਸਨ ਜਦ ਤੁਸੀਂ ਥੱਕੇ ਮਾਂਦੇ ਸਾਓ ਅਤੇ ਓਹ ਪਰਮੇਸ਼ੁਰ ਤੋਂ ਨਾ ਡਰੇ" (ਬਿਵਸਥਾ ਸਾਰ 25:18)। ਅਮਾਲੇਕੀ ਆਪਣੇ ਦੇਸ ਦਾ ਬਚਾ ਨਹੀਂ ਕਰ ਰਹੇ ਸਨ। ਮਾਰੂਥਲ ਦੇ ਸ਼ਿਕਾਰੀਆਂ ਵਾਂਗ, ਉਹ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਵਿਚੋਂ ਸਭ ਤੋਂ ਕਮਜ਼ੋਰ ਲੋਕਾ ਦਾ ਸ਼ਿਕਾਰ ਕਰ ਰਹੇ ਸਨ, ਜੋ ਪੂਰੀ ਤਰਾਂ "ਥੱਕੇ ਅਤੇ ਹੁੱਸੇ" ਹੋਏ ਸਨ। ਉਹ ਪਰਮੇਸ਼ੁਰ ਦੇ ਕ੍ਰੋਧ ਦੇ ਹੱਕਦਾਰ ਸਨ!

ਪਰਮੇਸ਼ੁਰ ਨਿਰੰਤਰ ਅਮਾਲੇਕ ਨਾਲ ਲੜਦਾ ਰਿਹਾ। ਬਾਅਦ ਵਿਚ, ਬਾਰਾਂ ਜਸੂਸਾਂ ਦੀ ਬੁਰੀ ਰਿਪੋਰਟ ਦੇ ਸੰਬੰਧ ਵਿਚ ਅਮਾਲੇਕੀਆਂ ਦੇ ਪਾਪ ਤੋਂ ਪਿੱਛੋਂ, ਇਸਰਾਏਲ ਨੇ ਪਰਮੇਸ਼ੁਰ ਦੇ ਹੁਕਮਾਂ ਦੇ ਖਿਲਾਫ਼, ਆਪਣੇ ਦਮ ਤੇ ਵਾਇਦਾ ਕੀਤੇ ਹੋਏ ਦੇਸ ਵਿਚ ਜਾਣ ਦੀ ਕੋਸ਼ਿਸ਼ ਕੀਤੀ ਸੀ। ਉਸ ਮੌਕੇ ਤੇ ਉਨ੍ਹਾਂ ਨੂੰ "ਅਮਾਲੇਕੀ ਅਤੇ ਕਨਾਨੀ" ਲੋਕਾਂ ਦੇ ਰਾਹੀਂ ਹਰਾਇਆ ਗਿਆ ਸੀ (ਗਿਣਤੀ 14:45)।

ਪਰ, ਪੈਂਟਾਟਿਊਕ ਦੇ ਹੋਰਨਾਂ ਹਵਾਲਿਆਂ ਵਿਚ ਅਮਾਲੇਕ ਦੇ ਅੰਤਿਮ ਵਿਨਾਸ ਦੀ ਭਵਿੱਖਵਾਣੀ ਕੀਤੀ ਗਈ ਹੈ (ਗਿਣਤੀ 24:20) ਅਤੇ ਇਸਰਾਏਲ ਨੂੰ "ਅਮਾਲੇਕ ਦਾ ਚੇਤਾ ਅਕਾਸ਼ ਦੇ ਹੇਠੋਂ ਮਿਟਾ ਦੇਵੇਗਾ [ਦੇਣ]" ਦੀ ਲੋੜ ਸੀ (ਬਿਵਸਥਾ ਸਾਰ 25:17-19)। ਪਹਿਲਾ ਸਮੂਏਲ 15 ਅਧਿਆਇ ਦੱਸਦਾ ਹੈ ਕਿ ਸ਼ਾਊਲ ਨੂੰ ਅਮਾਲੇਕੀਆਂ ਨੂੰ ਪੂਰੀ ਤਰ੍ਹਾਂ ਦੇ ਨਾਲ ਨਾਸ ਕਰਨ ਦਾ ਕੰਮ ਸੌਂਪਿਆ ਗਿਆ ਸੀ। ਸ਼ਾਊਲ ਨੇ ਪਰਮੇਸ਼ੁਰ ਦੇ ਹੁਕਮਾਂ ਨੂੰ ਪੂਰੀ ਤਰ੍ਹਾਂ ਨਹੀਂ ਮੰਨਿਆ, ਇਸ ਲਈ ਦਾਊਦ ਨੂੰ ਅਮਾਲੇਕੀਆਂ ਦੇ ਨਾਲ ਲੜਣਾ ਪਿਆ (1 ਸਮੂਏਲ 27:8; 30)। ਆਖਿਰਕਾਰ ਹਿਜ਼ਕੀਯਾਹ ਦੇ ਰਾਜ ਵਿਚ ਉਹ ਪੂਰੀ ਤਰ੍ਹਾਂ ਦੇ ਨਾਲ ਤਬਾਹ ਕੀਤੇ ਗਏ ਸਨ (1 ਇਤਹਾਸ 4:41-43)।

*ਪਰਮੇਸ਼ੁਰ ਨੇ ਅਮਾਲੇਕੀਆਂ ਦੇ ਨਾਲ ਅਜਿਹਾ ਵਿਹਾਰ ਕਿਉਂ ਕੀਤਾ ਜੋ ਉਸ ਨੇ ਕੀਤਾ ਸੀ?* ਅਮਾਲੇਕ ਦੇ ਪ੍ਰਤਿ ਪਰਮੇਸ਼ੁਰ ਦੀ ਦੁਸ਼ਮਣੀ ਦਾ ਇਤਹਾਸ ਇਸ ਗੱਲ ਦਾ ਉੱਤਰ ਨਹੀਂ ਦਿੰਦਾ "ਕਿਉਂ?" ਪਰਮੇਸ਼ੁਰ ਕਿਉਂ, ਸੈਂਕੜੇ ਸਾਲਾਂ ਤਕ, ਅਮਾਲੇਕੀਆਂ ਦੇ ਉੱਤੇ ਉਨ੍ਹਾਂ ਦੇ ਪਿਓ-ਦਾਦਿਆਂ ਦੇ ਪਾਪ ਨੂੰ ਜਾਰੀ ਰੱਖੇਗਾ?

ਅਸੀਂ ਇਸ ਗੱਲ ਨੂੰ ਨਿਸ਼ਚਤ ਤੌਰ ਤੇ ਨਹੀਂ ਜਾਣ ਸਕਦੇ ਕਿ ਪਰਮੇਸ਼ੁਰ ਨੇ ਉਹ ਕਿਉਂ ਕੀਤਾ ਜੋ ਉਸ ਨੇ ਕੀਤਾ ਸੀ। ਜੋ ਉਹ ਕਰਦਾ ਹੈ ਉਹ ਸਹੀ ਹੈ ਕਿਉਂਕ ਉਹ ਪਰਮੇਸ਼ੁਰ ਹੈ, ਪਰ ਜਦੋਂ ਤਕ ਉਹ ਉਨ੍ਹਾਂ ਕਾਰਣਾਂ ਨੂੰ ਪਰਗਟ ਨਾ ਕਰੇ ਉਦੋਂ ਤਕ ਅਸੀਂ ਕਾਰਣਾਂ ਨੂੰ ਨਿਸ਼ਚਿਤ ਨਹੀਂ ਕਰ ਸਕਦੇ ਹਾਂ। ਫਿਰ ਵੀ, ਅਸੀਂ ਇਹ ਨਿਰੀਖਣ ਕਰ ਸਕਦੇ ਹਾਂ: (1) ਪਰਮੇਸ਼ੁਰ ਦੇ ਦੁਆਰਾ ਅਮਾਲੇਕੀਆਂ ਦੀ ਅੰਸ ਨੂੰ ਨਿਰੰਤਰ ਸਜ਼ਾ ਦੇਣ ਦਾ ਅਰਥ ਇਸ ਗੱਲ ਨੂੰ ਦਰਸਾਉਣਾ ਸੀ ਕਿ ਜਦੋਂ ਉਸ ਨੇ ਕਿਹਾ ਕਿ "ਪੇਵਾਂ ਦਾ ਕੁਧਰਮ ਉਨ੍ਹਾਂ ਦੇ ਪੁੱਤ੍ਰਾਂ ਉੱਤੇ ਅਤੇ ਪੁੱਤ੍ਰਾਂ ਦੇ ਪੁੱਤ੍ਰਾਂ ਉੱਤੇ ਤੀਜੀ ਚੌਥੀ ਪੀੜ੍ਹੀ ਤੀਕ ਬਦਲਾ ਲੈਣ ਹਾਰ ਹੈ" ਤਾਂ ਉਸ ਦਾ ਕੀ ਅਰਥ ਸੀ (34:7)। (2) ਕੂਚ 17 ਵਿਚ ਇਸਰਾਏਲੀਆਂ ਉੱਤੇ ਅਮਾਲੇਕੀਆਂ ਦਾ ਹਮਲਾ ਹੀ ਸ਼ਾਇਦ ਉਨ੍ਹਾਂ ਦਾ ਇਕੋ ਇੱਕ ਪਾਪ ਨਹੀਂ ਸੀ। ਇਕ ਜੰਗੀ ਕਬੀਲੇ ਦੇ ਰੂਪ ਵਿਚ ਜੋ ਆਪਣੇ ਗੁਆਂਢੀਆਂ ਦਾ ਸ਼ਿਕਾਰ ਕਰਦਾ ਸੀ, ਉਹ ਨਾਸ ਦੇ ਯੋਗ ਸਨ। (3) ਘੱਟੋ ਘੱਟ ਕਹਿੰਦੇ ਹੋਏ, ਅਮਾਲੇਕ ਦੇ ਪ੍ਰਤਿ ਪਰਮੇਸ਼ੁਰ ਦੀ ਦੁਸ਼ਮਣੀ ਇਸ ਗੱਲ ਨੂੰ ਦਰਸਾਉਂਦੀ ਹੈ ਕਿ ਪਰਮੇਸ਼ੁਰ ਆਪਣੇ ਲੋਕਾਂ ਨਾਲ ਕੀਤੇ ਬੁਰੇ ਵਿਹਾਰ ਨੂੰ ਹਲਕੇ ਭਾਵ ਵਿਚ ਨਹੀਂ ਲੈਂਦਾ ਹੈ (ਜਿਵੇਂ ਪੁਰਾਣੇ ਨੇਮ ਦੇ ਹੋਰ ਵਚਨ ਦਰਸਾਉਂਦੇ ਹਨ)। ਇਸਰਾਏਲ ਤੇ ਹਮਲਾ ਪਰਮੇਸ਼ੁਰ ਤੇ ਹਮਲਾ ਕਰਨਾ ਸੀ। ਇਸ ਲਈ ਜੋ ਲੋਕ ਇਸਰਾਏਲ ਤੇ ਹਮਲਾ ਕਰਦੇ ਹਨ ਉਨ੍ਹਾਂ ਦੇ ਜਲਦੀ ਦਾ ਬਾਅਦ ਵਿਚ ਨਾਸ ਕੀਤੇ ਜਾਣ ਦੀ ਉਮੀਦ ਕੀਤੀ ਜਾ ਸਕਦੀ ਹੈ।

*ਕੀ ਪਰਮੇਸ਼ੁਰ ਅੱਜ ਕ੍ਰੋਧ ਨੂੰ ਰੱਖਦਾ ਹੈ?* ਕੀ ਉਸ ਨੇ ਕੁਝ ਨਿਸ਼ਚਤ ਰਾਸ਼ਟਰਾਂ ਤੇ ਅਨੰਤ ਨਾਸ ਦਾ ਦੋਸ਼ ਲਾਇਆ ਹੈ? ਹੁਣ ਪਰਮੇਸ਼ੁਰ ਦੇ ਕੋਲ ਕੋਈ ਭੌਤਿਕ ਰਾਸ਼ਟਰ ਨਹੀਂ ਹੈ ਜਿਸ ਦੇ ਬਾਰੇ ਉਹ ਦਾਅਵਾ ਕਰੇ ਕਿ ਉਹ ਉਸ ਦੇ ਹਨ। ਉਹ ਰਾਸ਼ਟਰਾਂ ਦੀ ਕਿਸਮਤ ਨੂੰ ਨਿਰਧਾਰਤ ਕਰਦਾ ਹੈ ਅਤੇ ਕਿਸੇ ਰਾਸ਼ਟਰ ਨੂੰ ਉਸ ਦੀ ਕਠੋਰਤਾ ਦੇ ਕਾਰਣ ਹੇਠਾਂ ਡੇਗਣ ਦਾ ਫ਼ੈਸਲਾ ਕਰ ਸਕਦਾ ਹੈ। ਪਰ, ਜੇਕਰ ਉਹ ਅਜਿਹਾ ਕਰਦਾ ਹੈ, ਤਾਂ ਉਹ ਉਸ ਫ਼ੈਸਲੇ ਨੂੰ ਮਨੁੱਖ ਨੂੰ ਨਹੀਂ ਦੱਸਦਾ। ਅਸਲ ਵਿਚ ਅਸੀਂ ਇਹ ਨਹੀਂ ਜਾਣ ਸਕਦੇ ਕਿ ਉਹ ਕੀ ਕਰ ਰਿਹਾ ਹੈ ਜਾਂ ਉਹ ਅਜਿਹਾ ਕਿਉਂ ਕਰ ਰਿਹਾ ਹੈ, ਪਰ, ਅਸੀਂ ਨਿਸ਼ਚਤ ਹੋ ਸਕਦੇ ਹਾਂ ਕਿ ਪਰਮੇਸ਼ੁਰ ਸੰਸਾਰ ਵਿਚ ਕੰਮ ਕਰ ਰਿਹਾ ਹੈ। ਉਸ ਨੇ ਆਪਣੇ ਵਚਨ ਵਿਚ ਸਾਨੂੰ ਜੋ ਕਿਹਾ ਹੈ ਉਸ ਦੇ ਕਾਰਣ, ਅਸੀਂ ਪਰਮੇਸ਼ੁਰ ਦੇ ਰਾਹੀਂ ਨਾਸ ਦੇ ਵਿਸ਼ੇ ਵਿਚ ਦੋ ਸੱਚਾਈਆਂ ਤੇ ਭਰੋਸਾ ਰੱਖ ਸਕਦੇ ਹਾਂ।

*ਪਰਮੇਸ਼ੁਰ ਉਨ੍ਹਾਂ ਲੋਕਾਂ ਦਾ ਨਾਸ ਕਰੇਗਾ ਜੋ ਉਸ ਦੇ ਲੋਕਾਂ ਤੇ ਅੱਤਿਆਚਾਰ ਕਰਦੇ ਹਨ।* ਪਰਕਾਸ਼ ਦੀ ਪੋਥੀ ਇਸ ਸੱਚਾਈ ਨੂੰ ਸਪੱਸ਼ਟ ਤੌਰ ਤੇ ਸਿਖਾਉਂਦੀ ਹੈ, ਜਿਵੇਂ 2 ਥੱਸਲੁਨੀਕੀਆਂ

1:6-9 ਵਿਚ ਹੈ। ਪਰਮੇਸ਼ੁਰ ਉਨ੍ਹਾਂ ਲੋਕਾਂ ਨੂੰ "ਦੋਸ਼ੀ ਠਹਿਰਾਉਂਦਾ ਹੈ" ਜੋ ਉਸ ਦੇ ਲੋਕਾਂ ਦਾ ਵਿਰੋਧ ਕਰਦੇ ਹਨ। ਉਹ ਆਪਣੇ ਲੋਕਾਂ ਦੇ ਦੁਸ਼ਮਣਾਂ ਨੂੰ ਸਾਡੀ ਮਦਦ ਤੋਂ ਬਿਨਾਂ ਨਾਸ ਕਰੇਗਾ। ਸਾਨੂੰ, ਪਰਮੇਸ਼ੁਰ ਦੇ ਲੋਕਾਂ ਦੇ ਰੂਪ ਵਿਚ, ਮਸੀਹ ਦੇ ਦੁਸ਼ਮਣਾਂ ਨੂੰ ਨਾਸ ਕਰਨ ਦੇ ਲਈ ਹਥਿਆਰ ਚੁੱਕਣ ਦੀ ਲੋੜ ਨਹੀਂ ਹੈ। ਪਰਮੇਸ਼ੁਰ ਖੁਦ ਇਹ ਕਰੇਗਾ।

*ਪਰਮੇਸ਼ੁਰ ਆਖਿਰਕਾਰ ਤੋਬਾ ਨਾ ਕਰਨ ਵਾਲੇ ਪਾਪੀਆਂ ਨੂੰ ਨਾਸ ਕਰੇਗਾ।* ਪਰਮੇਸ਼ੁਰ ਸਾਡੇ ਪਾਪਾਂ ਨੂੰ ਯਾਦ ਰੱਖਦਾ ਹੈ ਅਤੇ ਉਨ੍ਹਾਂ ਦੇ ਕਾਰਣ ਸਾਨੂੰ ਨਾਸ ਕਰਦਾ ਹੈ। ਜਦੋਂ ਤਕ ਅਸੀਂ ਪਾਪ ਦੀ ਦਸ਼ਾ ਵਿਚ ਰਹਿੰਦੇ ਹਾਂ, ਉਦੋਂ ਤਕ ਪਰਮੇਸ਼ੁਰ ਸਾਡੇ ਵਿਰੋਧ ਵਿਚ "ਦੋਸ਼ ਲਾਉਂਦਾ" ਲਾਉਂਦਾ ਹੈ। ਜੇਕਰ ਉਹ ਅਜਿਹਾ ਕਰਨਾ ਜਾਰੀ ਰੱਖਦਾ ਹੈ, ਤਾਂ ਅਸੀਂ ਆਖਿਰਕਾਰ ਅਨੰਤ ਅੱਗ ਵਿਚ ਨਾਸ ਹੋ ਜਾਵਾਂਗੇ।

ਰੁੱਕੋ! ਇੱਥੇ ਖੁਸ਼ ਖਬਰੀ ਹੈ! ਮਸੀਹ ਦੇ ਲਹੂ ਦੇ ਦੁਆਰਾ, ਸਾਨੂੰ ਮਾਫ਼ ਕੀਤਾ ਜਾ ਸਕਦਾ ਹੈ। ਜਦੋਂ ਅਸੀਂ ਉਸ ਵਿਚ ਵਿਸ਼ਵਾਸ ਕਰਨ, ਆਪਣੇ ਪਾਪਾਂ ਤੋਂ ਤੋਬਾ ਕਰਨ, ਅਤੇ ਪਾਪਾਂ ਦੀ ਮਾਫ਼ੀ ਦੇ ਲਈ ਉਸ ਤੇ ਵਿਸ਼ਵਾਸ ਕਰਨ ਦੇ ਦੁਆਰਾ, ਮਸੀਹ ਦੇ ਵੱਲ ਮੁੜਦੇ ਹਾਂ - ਤਾਂ ਪਰਮੇਸ਼ੁਰ ਸਾਨੂੰ ਮਾਫ਼ ਕਰ ਦੇਵੇਗਾ। ਫਿਰ ਅਸੀਂ ਇਬਰਾਨੀਆਂ 8:12 ਦੀ ਤਸੱਲੀ ਦਾ ਅਨੁਭਵ ਕਰ ਸਕਦੇ ਹਾਂ: "'ਮੈਂ ਤਾਂ ਓਹਨਾਂ ਦੇ ਕੁਧਰਮਾਂ ਉੱਤੇ ਤਰਸਵਾਨ ਹੋਵਾਂਗਾ, ਅਤੇ ਓਹਨਾਂ ਦੇ ਪਾਪਾਂ ਨੂੰ ਫੇਰ ਕਦੇ ਚੇਤੇ ਨਾ ਕਰਾਂਗਾ।'"

### ਇਕ ਯਾਦਗਾਰ ਦਾ ਮਹੱਤਵ (17:15, 16)

ਮਹਾਨ ਮੌਕਿਆਂ ਤੋਂ ਬਾਅਦ, ਪਰਮੇਸ਼ੁਰ ਦੇ ਲੋਕ ਅਕਸਰ ਯਾਦਗਾਰਾਂ ਬਣਾਉਂਦੇ ਸਨ ਤਾਂ ਕਿ ਜੋ ਹੋਇਆ ਸੀ ਉਸ ਨੂੰ ਯਾਦ ਕਰ ਸਕਣ। ਪਰਮੇਸ਼ੁਰ ਨੇ ਖੁਦ ਯਾਦਗਾਰਾਂ (ਪਸਾਹ ਅਤੇ ਪ੍ਰਭੂ ਭੋਜ) ਸਥਾਪਤ ਕੀਤੀਆਂ ਤਾਂ ਕਿ ਆਪਣੇ ਛੁਟਕਾਰੇ ਨੂੰ ਯਾਦ ਕਰਨ ਵਿਚ ਆਪਣੇ ਲੋਕਾਂ ਦੀ ਮਦਦ ਕਰ ਸਕੇ। ਸ਼ਾਇਦ ਵਿਅਕਤੀਆਂ, ਪਰਿਵਾਰਾਂ, ਅਤੇ ਸੰਸਥਾਵਾਂ ਦੇ ਰੂਪ ਵਿਚ, ਸਾਨੂੰ ਆਪਣੇ ਜੀਵਨ ਦੀਆਂ ਮਹਾਨ ਘਟਨਾਵਾਂ ਦੀਆਂ "ਯਾਦਗਾਰਾਂ" ਸਥਾਪਤ ਕਰਨੀਆਂ ਚਾਹੀਦੀਆਂ ਹਨ। ਸਾਨੂੰ ਭੂਤਕਾਲ ਵਿਚ ਇਨ੍ਹਾਂ ਨਹੀਂ ਜੀਣਾ ਚਾਹੀਦਾ ਕਿ ਅਸੀਂ ਅੱਗੇ ਹੀ ਨਾ ਵੱਧ ਸਕੀਏ, ਪਰ "ਯਾਦਗਾਰਾਂ" ਸਾਡੀ ਮਦਦ ਕਰ ਸਕਦੀਆਂ ਹਨ ਕਿ ਅਸੀਂ ਨੌਜਵਾਨ ਪੀੜ੍ਹੀ ਨੂੰ ਸਿਖਾ ਸਕੀਏ ਕਿ ਪ੍ਰਭੂ ਨੇ ਸਾਡੇ ਲਈ ਕੀ ਕੀਤਾ ਹੈ।

---

ਟਿੱਪਣੀਆਂ

[1]ਰਫ਼ੀਦੀਮ ਦੇ ਸੰਭਵ ਸਥਾਨਾਂ ਬਾਰੇ ਐੱਸ. ਆਰ. ਡਰਾਈਵਰ ਵਿਚ ਚਰਚਾ ਕੀਤੀ ਗਈ ਹੈ, *ਦ ਬੁੱਕ ਆਫ਼ ਐਕਸੋਡਸ,* ਦ ਕੈਂਬਰਿਜ਼ ਬਾਈਬਲ ਫਾਰ ਸਕੂਲਜ਼ ਐਂਡ ਕਾੱਲੇਜਸ (ਕੈਂਬਰਿਜ਼: ਯੂਨੀਵਰਸਿਟੀ ਪ੍ਰੈੱਸ, 1953), 155-56; ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਨਰਸ ਗਰੂਵ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 1973), 133-34; ਅਤੇ ਰੋਨਾਲਡ ਐੱਫ਼ ਯੰਗਬਲੱਡ, *ਐਕਸੋਡਸ,* ਐਵਰੀਮੈਂਨ ਬਾਈਬਲ ਕਮੈਂਟਰੀ (ਸ਼ਿਕਾਗੋ: ਮੂਡੀ ਬਾਈਬਲ ਇੰਸਟੀਚਿਊਟ, 1983), 85. [2]ਮਿਸਰ ਵਿਚ ਰਹਿੰਦੇ ਹੋਏ ਵੀ, ਉਨ੍ਹਾਂ ਨੇ ਮੂਸਾ ਦੇ ਸਾਹਮਣੇ ਸ਼ਿਕਾਇਤ ਕੀਤੀ ਜਦੋਂ ਮਿਸਰੀਆਂ ਨੇ ਉਨ੍ਹਾਂ ਨੂੰ ਜਾਣ ਦੇਣ ਦੀ ਇਜਾਜ਼ਤ ਦੇਣ ਅਤੇ ਇਸ ਦੀ ਬਜਾਇ ਉਨ੍ਹਾਂ ਦੇ ਬੋਝ ਨੂੰ ਹੋਰ ਵੀ ਵਧਾ ਦਿੱਤਾ ਸੀ (5:21)। ਮਿਸਰ ਨੂੰ ਛੱਡਣ ਤੋਂ ਪਿੱਛੋ, ਉਨ੍ਹਾਂ ਨੇ ਸ਼ਿਕਾਇਤ ਕੀਤੀ ਜਦੋਂ ਉਹ ਫ਼ਿਰਊਨ ਦੇ ਸੈਨਾ ਅਤੇ ਸਮੁੰਦਰ ਦੇ ਵਿਚਕਾਰ ਫਸ ਗਏ ਸਨ (14:11, 12)। ਉਨ੍ਹਾਂ ਨੇ ਮਾਰਾਹ ਦੇ ਕੌੜੇ ਪਾਣੀ ਦੇ ਕਾਰਣ (15:23, 24) ਅਤੇ ਸੀਨ ਦੀ ਉਜਾੜ ਵਿਚ ਭੋਜਨ ਨਾ ਹੋਣ ਦੇ ਕਾਰਣ ਸ਼ਿਕਾਇਤ ਕੀਤੀ (16:2, 3)। ਜਦੋਂ ਵੀ ਉਹ ਸ਼ਿਕਾਇਤ ਕਰਦੇ ਸਨ ਉਹ ਲਗਭਗ ਉਹੀ ਕਹਿੰਦੇ ਸਨ। [3]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ,

1990), 407. [4]ਵਿਲਬਰ ਫੀਲਡਸ, *ਐਕਸਪਲੋਰਿੰਗ ਐਕਸੋਡਸ* , ਬਾਈਬਲ ਸਟੱਡੀ ਟੈਕਸਟਬੁੱਕ ਸੀਰੀਜ਼ (ਜੋਪਲਿਨ, ਮਿਸੌਰੀ: ਕਾੱਲਜ ਪ੍ਰੈੱਸ, 1976), 365. [5]ਵੇਖੋ ਕੋਲ, 133-34. [6]ਉਦਾਹਰਣ ਦੇ ਲਈ, ਵੇਖੋ ਮਾਰਟਿਨ ਨੋਥ, *ਐਕਸੋਡਸ,* ਅਨੁਵਾਦ ਜੇ. ਐੱਸ. ਬੋਡੇਨ, ਦ ਓਲਡ ਟੈਸਟਾਮੈਂਟ ਲਾਇਬ੍ਰੇਰੀ (ਫ਼ਿਲਦਲਫ਼ੀਏ: ਵੇਸਟਮਿੰਸਟਰ ਪ੍ਰੈੱਸ, 1962), 140. [7]ਕੋਲ, 134. [8]ਚੱਟਾਨ ਨੂੰ ਮਾਰਨ ਅਤੇ ਪਾਣੀ ਕੱਢਣ ਦੇ ਚਮਤਕਾਰ ਨੂੰ ਆਮ ਤੌਰ ਤੇ ਵਧੇਰੇ ਆਮ ਭਾਸ਼ਾ ਵਿਚ ਦਿੱਤਾ ਜਾਂਦਾ ਹੈ (ਬਿਵਸਥਾ ਸਾਰ 8:15; 33;8; ਜ਼ਬੂਰਾਂ ਦੀ ਪੋਥੀ 78:15, 16, 20; 95:8; 105:41; 114:8; ਯਸਾਯਾਹ 48:21)। ਗਿਣਤੀ ਦੀ ਕਿਤਾਬ ਵਿਚ ਅਕਸਰ ਵਧੇਰੇ ਵੇਰਵੇ ਨਾਲ ਜ਼ਿਕਰ ਕੀਤਾ ਗਿਆ ਹੈ (ਗਿਣਤੀ 20:24; 27:14; ਬਿਵਸਥਾ ਸਾਰ 32:51; 33:8; ਜ਼ਬੂਰਾਂ ਦੀ ਪੋਥੀ 106:32)। [9]ਡਰਾਈਵਰ, 158. [10]ਜੋਸੇਫੁਸ *ਐਂਟੀਕਿਉਟੀਜ਼* 3.2. 4.

[11]ਨਹੂਮ ਐਮ. ਸਰਨਾ, *ਐਕਸਪਲੋਰਿੰਗ ਐਕਸੋਡਸ: ਦ ਓਰਿੰਜਨ ਆਫ਼ ਬਿਬਲੀਕਲ ਇਜ਼ਰਾਏਲ* (ਨਿਊ ਯਾਰਕ: ਸ਼ੋਕਨ ਬੁਕਸ, 1996), 122-23. [12]ਉਸੇ ਸਥਾਨ ਤੇ, 123.